ਕੈਨੇਡਾ ਦਰਪਣ

ਜੁਲਾਈ 4, 1986

July 4, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
Second Class Mail Reg. No. 5991

ਕੈਨੇਡਾ ਦਰਪਣ

The Canada Darpan
Punjabi Weekly Newspaper

WEEKENDING JULY 4, 1986 Vol. 5 No. 26 Price 35¢ Out of Greater Vancouver 50¢ Ph. (604)581-4473

ਅੰਦਰ ਪੜ੍ਹੋ :-

ਦੋਵਾਂ ਫਿਰਕਿਆਂ ਵਿਚ ਦੰਗੇ, ਫਸਾਦ

ਅੰਮ੍ਰਿਤਸਰ ਅੱਗ ਦੀ ਲਪੇਟ ਵਿਚ

ਪੰਜ ਵਿਅਕਤੀ ਮਰੇ, ਸੈਂਕੜੇ ਜ਼ਖਮੀ

ਅੰਮ੍ਰਿਤਸਰ, ਨਕੋਦਰ, ਬਟਾਲਾ, ਕਰਫੀਊ ਅਧੀਨ

ਅੰਮ੍ਰਿਤਸਰ — ਪਿਛਲੇ ਤਿੰਨ ਦਿਨ ਤੋਂ ਗੁਰੂ ਦੀ ਨਗਰੀ ਕਸ਼ਟ ਵਿਚੋਂ ਗੁਜ਼ਰ ਰਹੀ ਹੈ। ਹਿੰਦੂ-ਸਿਖ ਫਸਾਦ ਭੜਕ ਪਏ ਹਨ। ਖਬਰਾਂ ਪੁਜਣ ਤੱਕ ਪੰਜ ਵਿਅਕਤੀ ਮਾਰੇ ਜਾ ਚੁਕੇ ਸਨ ਅਤੇ ਕਰੋੜਾਂ ਰੁਪਇਆਂ ਦਾ ਵਪਾਰ ਤਬਾਹ ਹੋ ਚੁਕਿਆ ਹੈ।

ਸ਼ਿਵ ਸੈਨਾਂ ਵਲੋਂ ਅੱਗਾਂ

ਸੋਮਵਾਰ ਸ਼ਿਵ ਸੈਨਾ ਦੇ ਵਰਕਰਾਂ ਵਲੋਂ ਇਕ ਵਿਅਕਤੀ ਦੀ ਮੌਤ ਹੋਣ ਉਤੇ ਅਰਥੀ ਲਿਜਾਣ ਸਮੇਂ ਜਾ ਰਹੇ ਜਲੂਸ ਨੇ ਸਿੱਖਾਂ ਦੀਆਂ ਦੁਕਾਨਾਂ ਉਤੇ ਹਮਲੇ ਸ਼ੁਰੂ ਕੀਤੇ। ਅੱਗਾਂ ਲਗਾਈਆਂ ਗਈਆਂ। ਪੱਥਰ ਮਾਰੇ ਗਏ। ਪੰਦਰਾਂ ਵੀਹ ਸ਼ਿਵ ਸੈਨਾ ਵਰਕਰਾਂ ਨੇ ਇਕ ਰੇਲਵੇ ਅਧਿਕਾਰੀ ਸਰੂਪ ਸਿੰਘ ਦੇ ਘਰ ਉਤੇ ਹਮਲਾ ਕਰ ਦਿਤਾ ਜਿਸ ਵਿਚ ਸਰੂਪ ਸਿੰਘ ਦੀ ਮੌਤ ਹੋ ਗਈ।

ਮੰਗਲਵਾਰ ਸਿੱਖਾਂ ਵਲੋਂ ਜਵਾਬੀ ਹਮਲਾ

ਅਗਲੇ ਦਿਨ ਸਿੱਖਾਂ ਦੇ ਜਜ਼ਬਾਤ ਭੜਕ ਪਏ। ਉਨ੍ਹਾਂ ਹਿੰਦੂਆਂ ਦੀਆਂ ਦੁਕਾਨਾਂ ਨੂੰ ਅੱਗਾਂ ਲਾਈਆਂ। ਪੰਜ ਵਿਅਕਤੀ ਮਾਰੇ ਜਾਣ ਦੀ ਖਬਰ ਹੈ।

ਬਰਨਾਲਾ ਅੰਮ੍ਰਿਤਸਰ ਵਿਚ

ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਪੁਲਸ ਚੀਫ ਰੇਬੇਰੋ ਅੰਮ੍ਰਿਤਸਰ ਪੁੱਜ ਗਏ ਹਨ। ਉਨ੍ਹਾਂ ਤੋਂ ਪਹਿਲਾਂ ਗ੍ਰਹਿ ਮੰਤਰੀ ਬੂਟਾ ਸਿੰਘ ਅਤੇ ਰਾਜ ਮੰਤਰੀ ਗੁਨਾਮ ਨਬੀ ਆਜ਼ਾਦ 23 ਜੂਨ ਨੂੰ ਅੰਮ੍ਰਿਤਸਰ ਪੁੱਜੇ ਅਤੇ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ।

ਰਾਜੀਵ-ਬਰਨਾਲਾ ਵਾਰਤਾ

ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਦੇ ਮੁੱਖ ਮੰਤਰੀ ਸ: ਬਰਨਾਲਾ ਨਾਲ ਟੈਲੀਫੋਨ ਉਤੇ ਗੱਲਬਾਤ ਕੀਤੀ ਅਤੇ ਕਿਹਾ ਕਿ ਫਿਰਕੂ ਫਸਾਦਾਂ ਨੂੰ ਰੋਕਿਆ ਜਾਵੇ। ਬਰਨਾਲਾ ਨੇ ਰਾਜੀਵ ਗਾਂਧੀ ਨੂੰ ਸੂਚਿਤ ਕੀਤਾ ਕਿ ਸਾਰੇ ਕਦਮ ਚੁਕੇ ਜਾ ਰਹੇ ਹਨ ਅਤੇ ਫਸਾਦਾਂ ਉਤੇ ਠਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਰਾਜੀਵ ਗਾਂਧੀ ਨੇ ਬਰਨਾਲਾ ਨੂੰ ਕਿਹਾ ਕਿ ਪੰਜਾਬ ਸਰਕਾਰ ਹਰਿਆਣੇ ਨੂੰ ਦਿਤੇ ਜਾਣ ਵਾਲੇ ਇਲਾਕਿਆਂ ਬਾਰੇ ਆਪਣੇ ਫੈਸਲੇ ਨੂੰ ਮੁੜ ਵਿਚਾਰੇ। ਯਾਦ ਰਹੇ ਕਿ ਪਿਛਲੇ ਸ਼ੁਕਰਵਾਰ ਪੰਜਾਬ ਦੇ ਮੰਤਰੀ ਮੰਡਲ ਨੇ ਨਵੇਂ ਬਣਾਏ ਕਮਿਸ਼ਨ ਜਿਸਦੀ ਅਗਵਾਈ ਸ੍ਰੀ ਡਿਸਾਈ ਰਿਟਾਇਰਡ ਜੱਜ ਕਰ ਰਹੇ ਹਨ ਦੀ ਨਿਯੁਕਤੀ ਨੂੰ ਰੱਦ ਕਰ ਦਿਤਾ ਸੀ। ਚੰਡੀਗੜ੍ਹ ਦਾ ਫੈਸਲਾ ਵਿਚੇ ਹੀ ਲਟਕ ਰਿਹਾ ਹੈ।

ਰਸੂਲਪੁਰ ਵਿਚ ਗੰਨਮੈਨ ਹਲਾਕ

23 ਜੂਨ ਨੂੰ ਵੱਖ ਵੱਖ ਥਾਵਾਂ ਤੇ ਹਿੰਸਕ ਘਟਨਾਵਾਂ ਹੋਈਆਂ ਜਿਨ੍ਹਾਂ ਵਿਚ ਪੰਜ ਵਿਅਕਤੀ ਮਾਰੇ ਗਏ ਹਨ ਅਤੇ ਦੋ ਜ਼ਖਮੀ ਹੋਏ।

ਰਸੂਲਪੁਰ ਜੋ ਅੰਮ੍ਰਿਤਸਰ ਜ਼ਿਲੇ ਦਾ ਇਕ ਪਿੰਡ ਹੈ, ਵਿਚ ਇਕ ਗੰਨਮੈਨ ਹਲਾਕ ਕਰ ਦਿਤਾ ਗਿਆ। ਪੁਤਲੀਘਰ ਦੇ ਇਲਾਕੇ ਵਿਚ ਇਕ ਵਿਅਕਤੀ ਮਾਰਿਆ ਗਿਆ।

ਟਿਊਬਵੈਲ ਉਤੇ ਗੋਲੀ

ਫੀਰੋਜ਼ਪੁਰ ਦੇ ਜ਼ੀਰੇ ਹਲਕੇ ਵਿਚ ਦੋ ਦਹਿਸ਼ਤਪਸੰਦਾਂ ਨੇ ਇਕ ਪਿੰਡ ਦੇ ਟਿਊਬਵੈਲ ਉਤੇ ਜਾ ਕੇ ਗੋਲੀ ਚਲਾਈ ਅਤੇ ਟਿਊਬਵੈਲ ਤੇ ਸੁੱਤਾ ਇਕ ਵਿਅਕਤੀ ਮਾਰ ਦਿਤਾ।

ਖੰਨੇ ਕੋਲ ਸਕੂਟਰ ਵਾਲਾ ਕਤਲ

ਖੰਨੇ ਲਾਗੇ ਸਟੇਟ ਬਿਜਲੀ ਬੋਰਡ ਦਾ ਇਕ ਜੂਨੀਅਰ ਇੰਜਨੀਅਰ ਗੋਲੀ ਨਾਲ ਮਾਰਿਆ ਗਿਆ। ਕਾਤਲ ਮੋਟਰ ਸਾਈਕਲ ਉਤੇ ਆਏ ਅਤੇ ਉਸਦਾ ਸਕੂਟਰ ਵੀ ਲੈ ਗਏ।

ਬੰਗੇ ਨੇੜੇ ਦੋ ਹਲਾਕ

ਬੰਗੇ ਦੇ ਇਲਾਕੇ ਵਿਚ ਦੋ ਵਿਅਕਤੀ ਹਲਾਕ ਹੋਣ ਦੀ ਖਬਰ ਹੈ।

ਗੁਰਦੁਆਰਾ ਵਿਲੀਅਮਜ਼ਲੇਕ ਦੀ ਪ੍ਰਬੰਧਕ ਕਮੇਟੀ ਵਿਰੁੱਧ ਕੇਸ ਖਾਰਜ

ਜੱਜ ਨੇ ਖਰਚਾ ਵੀ ਧਾਮੀ ਅਤੇ ਬਦੇਸ਼ਾ ਉਤੇ ਪਾ ਦਿਤਾ

ਵਿਲੀਅਮਜ਼ਲੇਕ — ਫੋਨ ਰਾਹੀਂ ਪ੍ਰਾਪਤ ਹੋਈ ਖਬਰ ਅਨੁਸਾਰ ਤਿੰਨ ਵਿਅਕਤੀਆਂ, ਜਿਨ੍ਹਾਂ ਦੇ ਨਾਂ ਤ੍ਰਿਲੋਚਨ ਸਿੰਘ ਧਾਮੀ, ਅਮਰਜੀਤ ਸਿੰਘ ਬਦੇਸ਼ਾ ਅਤੇ ਗੁਰਮੇਲ ਸਿੰਘ ਸਮਰਾ ਦੱਸੇ ਗਏ ਹਨ, ਨੇ ਸ਼੍ਰੋਮਣੀ ਅਕਾਲੀ ਦਲ ਦੀ ਸਮਰਥਕ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਰੁੱਧ ਜੋ ਦੋਸ਼ ਲਾਏ ਸਨ ਉਹ ਬੀ. ਸੀ. ਸੁਪਰੀਮ ਕੋਰਟ ਦੇ ਜੱਜ ਨੇ ਰੱਦ ਕਰ ਦਿੱਤੇ ਹਨ ਅਤੇ ਖਰਚਾ ਵੀ ਕੇਸ ਕਰਨ ਵਾਲਿਆਂ ਸਿਰ ਪਾ ਦਿੱਤਾ ਹੈ।

ਇਸ ਕੇਸ ਦੀ ਸੁਣਵਾਈ 26 ਮਈ, 1986 ਨੂੰ ਵਿਲੀਅਮਜ਼ਲੇਕ ਵਿਚ ਹੋਈ ਸੀ। ਬੀ. ਸੀ. ਸੁਪਰੀਮ ਕੋਰਟ ਦੇ ਜੱਜ ਆਦਰਨੀਯ ਮਿ: ਕੇ. ਡੀ. ਹੂਟਨ ਨੇ ਸਾਰੇ ਦੋਸ਼ ਰੱਦ ਕਰਦਿਆਂ ਕਿਹਾ ਕਿ ਪ੍ਰਬੰਧਕ ਕਮੇਟੀ ਦੀ ਚੋਣ ਸਹੀ ਢੰਗ ਨਾਲ ਹੋਈ ਹੈ।

ਤ੍ਰਿਲੋਚਨ ਸਿੰਘ ਧਾਮੀ, ਅਮਰਜੀਤ ਸਿੰਘ ਬਦੇਸ਼ਾ ਅਤੇ ਗੁਰਮੇਲ ਸਿੰਘ ਸਮਰਾ ਨੇ ਦੋਸ਼ ਲਗਾਏ ਸਨ ਕਿ ਕੁਝ ਵੋਟਰਾਂ ਦੇ ਨਾਂ ਜਾਣ ਬੁਝ ਕੇ ਰੱਦ ਕਰ ਦਿਤੇ ਗਏ ਹਨ ਅਤੇ ਐਗਜ਼ੇਕਟਿਵ ਕਮੇਟੀ ਨੇ ਸੁਸਾਇਟੀ ਦੇ ਬਾਈ-ਲਾਅ ਦੀ ਉਲੰਘਣਾ ਕੀਤੀ ਹੈ।

ਇਹ ਵੀ ਦੱਸਿਆ ਗਿਆ ਕਿ ਸੁਣਵਾਈ ਤੋਂ ਪਹਿਲਾਂ ਗੁਰਮੇਲ ਸਿੰਘ ਸਮਰਾ ਨੇ ਆਪਣਾ ਦਿਤਾ ਐਫੀਡੇਵਿਟ ਵਾਪਸ ਲੈ ਲਿਆ ਸੀ। ਇਸ ਤਰ੍ਹਾਂ ਧਾਮੀ ਅਤੇ ਬਦੇਸ਼ਾਂ ਵਲੋਂ ਹੀ ਕੇਸ ਰਹਿ ਗਿਆ ਸੀ।

(ਇਸ ਫੈਸਲੇ ਦੀ ਪੂਰੀ ਰੀਪੋਰਟ ਅਗਲੇ ਅੰਕ ਵਿਚ)

ਕੈਨੇਡਾ ਡੇ ਵਿਸ਼ੇਸ਼ ਅੰਕ

'ਹਾਦਸੇ ਦੇ ਜ਼ਿਮੇਂਵਾਰ ਬਚ ਨਹੀਂ ਸਕਣਗੇ' ਕਲਾਰਕ

ਏਅਰ ਇੰਡੀਆ ਦੇ ਹਾਦਸੇ ਦੇ ਸ਼ਿਕਾਰ ਲੋਕਾਂ ਦੀ ਯਾਦਗਾਰ ਬਣੀ



ਆਇਰਲੈਂਡ — 1985 ਦੀ 23 ਜੂਨ ਨੂੰ ਏਅਰ-ਇੰਡੀਆ ਦਾ ਜਹਾਜ਼ ਜੋ ਦਹਿਸ਼ਤਪਸੰਦਾਂ ਵਲੋਂ ਅਸਮਾਨ ਵਿਚ ਹੀ ਬੰਬ ਨਾਲ ਉਡਾ ਦਿਤਾ ਗਿਆ ਸੀ ਉਸ ਵਿਚ ਮਾਰੇ ਗਏ 329 ਮੁਸਾਫਰਾਂ ਦੀ ਯਾਦ ਵਿਚ ਇਕ ਯਾਦਗਾਰੀ ਪਲੇਕ ਇਥੇ ਲਾਈ ਗਈ ਜਿਸ ਉਤੋਂ ਪਰਦਾ ਹਟਾਉਣ ਦੀ ਰਸਮ ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ ਅਤੇ ਭਾਰਤ ਦੇ ਬਦੇਸ਼ ਮੰਤਰੀ ਪੀ. ਸ਼ਿਵ ਸ਼ੰਕਰ ਨੇ ਅਦਾ ਕੀਤਾ।

ਹੰਝੂਆਂ ਭਰੀਆਂ ਅੱਖਾਂ ਨਾਲ ਮਾਰੇ ਗਏ ਵਿਅਕਤੀਆਂ ਦੇ ਰਿਸ਼ਤੇਦਾਰਾਂ ਨੇ ਪਾਣੀ ਵਿਚ ਫੁੱਲ-ਪੱਤੀਆਂ ਭੇਟਾ ਕੀਤੀਆਂ।

197 ਲਾਸ਼ਾਂ ਅਜੇ ਤੱਕ ਨਹੀਂ ਮਿਲ ਸਕੀਆਂ। ਬਦੇਸ਼ ਮੰਤਰੀ ਜੋਅ ਕਲਾਰਕ ਨੇ ਦਹਿਸ਼ਤਪਸੰਦਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ "ਕੈਨੇਡਾ ਸਰਕਾਰ ਉਨਾ ਚਿਰ ਆਰਾਮ ਨਾਲ ਨਹੀਂ ਬੈਠੇਗੀ ਜਦ ਤੱਕ ਇਨ੍ਹਾਂ ਬੇਕਸੂਰ ਲੋਕਾਂ ਦੇ ਕਾਤਲਾਂ ਨੂੰ ਇਨਸਾਫ ਦੇ ਕਟਹਿਰੇ ਵਿਚ ਨਹੀਂ ਲਿਆਂਦਾ ਜਾਂਦਾ। ਜੋ ਇਸ ਜਹਾਜ਼ ਨੂੰ ਖਤਮ ਕਰਨ ਦੇ ਜ਼ਿਮੇਂਵਾਰ ਹਨ ਉਹ ਬਚ ਕੇ ਨਹੀਂ ਨਿਕਲ ਸਕਣਗੇ।"

ਸ੍ਰੀ ਕਲਾਰਕ ਨੇ ਕਿਹਾ, "ਇਸ ਜਹਾਜ਼ ਨੂੰ ਉਡਾਉਣ ਵਾਲਿਆਂ ਨੇ ਬੇਕਸੂਰ ਪ੍ਰਵਾਰ ਤਬਾਹ ਕੀਤੇ ਹਨ ਅਤੇ ਅਧੁਨਿਕ ਸਮਾਜ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਠੇਸ ਪਹੁੰਚਾਈ ਹੈ।"

150 ਦੇ ਕਰੀਬ ਰਿਸ਼ਤੇਦਾਰ ਆਇਰਲੈਂਡ ਪੁਜੇ ਹੋਏ ਸਨ ਪਰ ਰਿਸ਼ਤੇਦਾਰ ਕੈਨੇਡਾ ਅਤੇ ਭਾਰਤ ਸ਼ਰਕਾਰ ਵਲੋਂ ਕੀਤੇ ਗਏ ਕੰਮ ਤੋਂ ਨਾਰਾਜ਼ ਸਨ। ਬਹੁਤੇ ਰਿਸ਼ਤੇਦਾਰਾਂ ਨੂੰ ਇਹ ਗਿਲਾ ਸੀ ਕਿ ਦੋਸ਼ੀਆਂ ਨੂੰ ਅਜੇ ਤੱਕ ਫੜਿਆ ਕਿਉਂ ਨਹੀਂ ਗਿਆ। ਕਾਫੀ ਰਿਸ਼ਤੇਦਾਰਾਂ ਨੂੰ ਇਹ ਵੀ ਗਿਲਾ ਸੀ ਕਿ 197 ਲਾਸ਼ਾਂ ਅਜੇ ਤੱਕ ਮਲਬੇ ਵਿਚ ਸਮੁੰਦਰ ਥੱਲੇ ਪਈਆਂ ਹਨ — ਉਨ੍ਹਾਂ ਨੂੰ ਕੱਢਣ ਦੇ ਉਪਰਾਲੇ ਨਹੀਂ ਕੀਤੇ ਗਏ।

ਯੋਮੇਸ਼ ਧਾਲੀਵਾਲ ਨੇ ਕਿਹਾ ਕਿ ਅਸੀਂ ਤਾਂ ਮਰੇ ਹੋਇਆਂ ਦੇ ਮੂੰਹ ਦੇਖਣ ਨੂੰ ਤਰਸ ਰਹੇ ਹਾਂ। ਅਸੀਂ ਆਪਣੀਆਂ ਧਾਰਮਿਕ ਰਹੁ-ਰੀਤਾਂ ਨਾਲ ਅੰਤਮ ਸਸਕਾਰ ਕਰਨਾ ਚਾਹੁੰਦੇ ਹਾਂ।"

ਯਾਦਗਾਰ ਵਾਲੀ ਥਾਂ ਉਤੇ 14 ਪਲੇਕਾਂ ਲਾਈਆਂ ਗਈਆਂ ਹਨ ਜਿਨ੍ਹਾਂ ਉਤੇ ਮਰਨ ਵਾਲਿਆਂ ਦੇ ਨਾਂ ਉਕਰੇ ਹੋਏ ਹਨ। ਇਕ ਪਲੇਕ ਤੋਂ ਪਰਦਾ ਹਟਾਉਣ ਦੀ ਰਸਮ ਵੈਨਕੂਵਰ ਦੇ ਨੌ ਸਾਲਾ ਬੱਚੇ ਐਡੀ ਮਦਾਨ ਨੇ ਨਿਭਾਈ ਜਿਸਦਾ ਪਿਤਾ ਹਾਦਸੇ ਵਿਚ ਮਾਰਿਆ ਗਿਆ। ਉਸਦੇ ਨਾਲ ਟਰਾਂਟੋ ਦੀ ਬੱਚੀ ਨਿਸ਼ਾ ਥੈਂਪੀ ਵੀ ਸੀ ਜਿਸਦੀ ਮਾਤਾ ਇਸ ਹਾਦਸੇ ਦਾ ਸ਼ਿਕਾਰ ਹੋਈ।

ਇਕ ਅਧਿਕਾਰੀ ਨੇ ਇਥੇ ਦੱਸਿਆ ਕਿ ਕੈਨੇਡਾ ਸਰਕਾਰ ਨੂੰ ਬੰਬ ਰੱਖਣ ਵਾਲੇ ਵਿਅਕਤੀਆਂ ਦੀ ਪੂਰੀ ਜਾਣਕਾਰੀ ਮਿਲ ਚੁੱਕੀ ਹੈ ਪਰ ਠੋਸ ਸਬੂਤਾਂ ਦੇ ਆਧਾਰ ਉਤੇ ਹੀ ਕੇਸ ਸ਼ੁਰੂ ਹੋਵੇਗਾ। ਉਸਨੇ ਕਿਹਾ ਜਿਥੇ ਇਹ ਹਾਦਸਾ ਦੁਨੀਆਂ ਦੇ ਭਿਆਨਕ ਹਵਾਈ ਹਾਦਸਿਆਂ ਵਿਚ ਸਭ ਤੋਂ ਵੱਡਾ ਹੈ ਉਥੇ ਕੈਨੇਡਾ ਸਰਕਾਰ ਦੀ ਮੁਸ਼ਕਲ ਕੌਮਾਂਤਰੀ ਕਾਰਨਾਂ ਕਰਕੇ ਵੀ ਹੈ।

ਪਰ ਅਧਿਕਾਰੀ ਨੇ ਕਿਹਾ ਕਿ ਇਸ ਹਾਦਸੇ ਦੇ ਜ਼ਿਮੇਂਵਾਰ ਪੁਲਸ ਦੀਆਂ ਨਜ਼ਰਾਂ ਤੋਂ ਛੁਪੇ ਨਹੀਂ ਹਨ।

ਅੰਮ੍ਰਿਤਸਰ ਵਿਚ ਅੱਠ ਵਿਅਕਤੀ ਕਤਲ

ਅੰਮ੍ਰਿਤਸਰ — ਇਥੋਂ ਨੇੜੇ ਇਕ ਪਿੰਡ ਵਿਚ ਦਹਿਸ਼ਤਪਸੰਦਾਂ ਨੇ ਅੱਠ ਵਿਅਕਤੀ ਕਤਲ ਕਰ ਦਿਤੇ। ਇਸ ਘਟਨਾ ਦਾ ਪਤਾ ਲੱਗਦਿਆਂ ਹੀ ਇਕ ਫਿਰਕੇ ਦੇ ਲੋਕਾਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ।

ਲੋਅਰ ਮੇਨਲੈਂਡ ਦੇ ਗੁਰਦੁਆਰਿਆਂ ਵਲੋਂ ਹਿੰਸਾ ਦੀ ਨਿਖੇਧੀ

ਵੈਨਕੂਵਰ — ਇਕ ਅੰਗਰੇਜ਼ੀ ਵਿਚ ਭੇਜੀ ਪ੍ਰੈਸ ਰੀਲੀਜ਼ ਰਾਹੀਂ ਚਾਰ ਗੁਰਦੁਆਰਿਆਂ ਦੇ ਪ੍ਰਧਾਨਾਂ ਨੇ ਹਿੰਸਾ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ 'ਅਸੀਂ ਸਪੱਸ਼ਟ ਤੌਰ ਉਤੇ ਹਿੰਸਾ ਦੀ ਨਿਖੇਧੀ ਕਰਦੇ ਹਾਂ।"

'ਗਲੋਬ ਐਂਡ ਮੇਲ' ਅਨੁਸਾਰ ਰੌਸ ਗੁਰਦੁਆਰੇ ਦੇ ਪ੍ਰਧਾਨ ਜੋਗਿੰਦਰ ਸਿੰਘ ਸਿੱਧੂ ਨੇ ਕਿਹਾ ਕਿ 'ਸਾਡੀ ਸੁਸਾਇਟੀ ਨੇ ਪਬਲਿਕ ਤੌਰ ਉਤੇ ਕਦੇ ਖਾਲਿਸਤਾਨ ਦੀ ਮੰਗ ਦਾ ਸਮਰਥਨ ਨਹੀਂ ਕੀਤਾ।"

ਸ੍ਰੀ ਸਿੱਧੂ ਨੇ ਕਿਹਾ, "ਖਾਲਿਸਤਾਨ ਸਾਡੇ ਉਤੇ ਠੋਸਿਆ ਜਾ ਰਿਹਾ ਹੈ।"

ਜੋਗਿੰਦਰ ਸਿੰਘ ਸਿੱਧੂ ਨੇ ਕਿਹਾ ਖਾਲਸਾ ਦੀਵਾਨ ਸੁਸਾਇਟੀ ਪੂਰੀ ਤਰ੍ਹਾਂ ਧਾਰਮਿਕ ਹੈ ਅਤੇ ਰਾਜਸੀ ਖਲਜਗਣ ਵਿਚ ਨਹੀਂ ਪੈਣਾ ਚਾਹੁੰਦੀ। ਪਰ ਉਸਨੇ ਕਿਹਾ ਕਿ ਸਾਡੇ ਧੜੇ ਦਾ ਇਹ ਵਿਸ਼ਵਾਸ਼ ਹੈ ਕਿ ਭਾਰਤ ਸਰਕਾਰ ਸਿਖ ਧਰਮ ਨੂੰ ਖਤਮ ਕਰਨਾ ਚਾਹੁੰਦੀ ਹੈ।

ਗੁਰਦੁਆਰਿਆਂ ਦੇ ਪ੍ਰਧਾਨਾਂ ਨੇ ਇਹ ਵੀ ਕਿਹਾ ਕਿ ਥੋੜੇ ਜਿਹੇ ਵਿਅਕਤੀਆਂ ਦੇ ਅਖੌਤੀ ਦੋਸ਼ਾਂ ਨੂੰ ਸਾਰੀ ਸਿਖ ਕਮਿਊਨਿਟੀ ਦੇ ਨਾਂ ਨਹੀਂ ਮੜ੍ਹਿਆ ਜਾਣਾ ਚਾਹੀਦਾ।

ਪ੍ਰਧਾਨਾਂ ਨੇ ਇਹ ਵੀ ਕਿਹਾ ਹੈ ਕਿ ਹੋ ਸਕਦਾ ਹੈ ਕਿ ਭਾਰਤ ਸਰਕਾਰ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਂਵਾਰ ਹੋਵੇ।

ਪ੍ਰੈਸ ਰੀਲੀਜ਼ ਵਿਚ ਪ੍ਰਧਾਨਾਂ ਨੇ ਇਹ ਵੀ ਕਿਹਾ ਹੈ ਕਿ ਉਹ ਕੈਨੇਡਾ ਸਰਕਾਰ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਕੈਨੇਡਾ ਦੇ ਵਫਾਦਾਰ ਅਤੇ ਕਾਨੂੰਨ ਮੰਨਣ ਵਾਲੇ ਸ਼ਹਿਰੀ ਹਨ।

ਮਲਕੀਅਤ ਸਿੰਘ ਸਿੱਧੂ ਕੇਸ ਦੇ ਕਥਿਤ ਦੋਸ਼ੀਆਂ ਜੇਲ੍ਹ ਬਦਲਣ ਦੀ ਮੰਗ ਕੀਤੀ

"ਦੂਜੇ ਕੈਦੀ ਤੰਗ ਕਰਦੇ ਹਨ"

ਕੈਂਮਬਲ ਰਿਵਰ — 'ਸਨ' ਅਖਬਾਰ ਦੀ ਖਬਰ ਅਨੁਸਾਰ ਪੰਜਾਬ ਦੇ ਪਲਾਨਿੰਗ ਮੰਤਰੀ ਮਲਕੀਅਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲਾ ਕਰਨ ਦੇ ਕਥਿਤ ਦੋਸ਼ ਵਿਚ ਫੜੇ ਜਸਪਾਲ ਸਿੰਘ ਅਟਵਾਲ, ਜਸਬੀਰ ਸਿੰਘ ਅਟਵਾਲ, ਸੁਖਵਿੰਦਰ ਸਿੰਘ ਗਿੱਲ ਅਤੇ ਅਮਰਜੀਤ ਸਿੰਘ ਢੀਂਡਸਾ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਔਕਾਲਾ ਜੇਲ੍ਹ ਵਿਚੋਂ ਬਦਲਿਆ ਜਾਵੇ ਕਿਉਂਕਿ ਉਥੇ ਉਨ੍ਹਾਂ ਨਾਲ ਦੁਰਵਿਵਹਾਰ ਹੁੰਦਾ ਹੈ।

ਜੱਜ ਈ. ਡੀ. ਸਮਿਟ ਨੂੰ ਕਥਿਤ ਦੋਸ਼ੀਆਂ ਦੇ ਵਕੀਲ ਜੇਫ ਗਰੀਨ ਨੇ ਕਿਹਾ ਕਿ ਉਨ੍ਹਾਂ ਵਿਰੁੱਧ ਗੰਦੀ ਭਾਸ਼ਾ ਵਰਤੀ ਜਾਂਦੀ ਹੈ ਅਤੇ ਬੇਇਜ਼ਤੀ ਕੀਤੀ ਜਾਂਦੀ ਹੈ।

ਪਰ ਜੱਜ ਨੇ ਕਿਹਾ ਕਿ ਉਨ੍ਹਾਂ ਨੂੰ ਸਰਕਾਰੀ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ।

ਨਨਾਇਮੋ ਦੇ ਡਿਪਟੀ ਰਿਜਨਲ ਕਰਾਊਨ ਪ੍ਰੌਸੀਕਿਊਟਰ ਜਿਮ ਟੇਲਰ ਨੇ ਕਿਹਾ ਕਿ ਉਹ ਕੇਸ ਦੀ ਤਿਆਰੀ ਵਿਚ ਰੁਝੇ ਹੋਏ ਹਨ।

ਕਥਿਤ ਦੋਸ਼ੀਆਂ ਦੀ ਅਗਲੀ ਪੇਸ਼ੀ 22 ਸਤੰਬਰ ਦੀ ਪਾਈ ਗਈ ਹੈ।

ਨਕੋਦਰ ਵਿਚ ਫਿਰ ਕਰਫੀਊ

ਨਕੋਦਰ — ਇਥੇ ਕੱਲ੍ਹ ਫਿਰ ਸਾਰੇ ਸ਼ਹਿਰ ਵਿਚ ਕਰਫੀਊ ਲਾ ਦਿਤਾ ਗਿਆ ਜਿਸ ਸਮੇਂ ਹਿੰਦੂ ਅਤੇ ਸਿੱਖਾਂ ਵਿਚਕਾਰ ਤਕਰਾਰ ਵਧਿਆ। ਸ਼ਿਵ ਸੈਨਾ ਦੇ ਹੁਲੜਬਾਜ਼ਾਂ ਨੇ ਸਿੱਖਾਂ ਦੀਆਂ ਦੁਕਾਨਾਂ ਉਪਰ ਪੱਥਰ ਮਾਰੇ ਅਤੇ ਕਾਫੀ ਲੋਕ ਜ਼ਖਮੀ ਹੋਏ।

ਸਿੱਖਾਂ ਵਲੋਂ ਵਿਰੋਧੀ ਪ੍ਰਦਰਸ਼ਨ ਕੀਤਾ ਗਿਆ ਅਤੇ ਇਕ ਵੱਡਾ ਹਜ਼ੂਮ ਪੁਲਸ ਸਟੇਸ਼ਨ ਪਹੁੰਚ ਗਿਆ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਇਹ ਬੇਭਰੋਸਗੀ ਦੀ ਹਾਲਤ!

ਭਾਰਤ ਦੀ ਕੇਂਦਰੀ ਸਰਕਾਰ ਵਲੋਂ ਪੰਜਾਬ ਦੇ ਮਸਲੇ ਨੂੰ ਜਿਸ ਅਣਗਹਿਲੀ, ਸੁਆਰਥ ਅਤੇ ਦਿਆਨਤਦਾਰੀ ਨੂੰ ਛਿੱਕੇ ਤੇ ਟੰਗ ਕੇ ਹੱਲ ਕਰਨ ਦਾ ਰਾਹ 1967 ਤੋਂ ਫੜਿਆ ਸੀ ਅਤੇ ਮਰਹੂਮ ਇੰਦਰਾ ਗਾਂਧੀ ਦੇ ਪਿਛਲੇ ਦੋ ਵਰ੍ਹੇ ਜਿਸਦਾ ਸਿਖਰ ਸੀ, ਹੁਣ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੀ ਓਸੇ ਰਾਹ ਉਪਰ ਤੁਰ ਰਿਹਾ ਨਜ਼ਰ ਆ ਰਿਹਾ ਹੈ। ਲੌਂਗੋਵਾਲ-ਰਾਜੀਵ ਸਮਝੌਤੇ ਨੂੰ ਪੰਜਾਬ ਦੇ ਹੀ ਨਹੀਂ ਸਗੋਂ ਭਾਰਤ ਭਰ ਦੇ ਲੋਕਾਂ ਨੂੰ ਆਸ ਬੰਨ੍ਹਾਈ ਸੀ, ਕਿ ਹੁਣ ਮਸਲਾ ਹੱਲ ਹੋ ਜਾਵੇਗਾ, ਉਸ ਵਲੋਂ ਚੁੱਕੇ ਕੁਝ ਕਦਮਾਂ ਨੇ ਭਰੋਸਾ ਵੀ ਬੰਨ੍ਹਾਇਆ ਸੀ, ਪ੍ਰੰਤੂ ਸਮਝੌਤੇ ਦਾ ਪਹਿਲਾ ਹਿਸਾ ਚੰਡੀਗੜ੍ਹ ਹੀ ਪੰਜਾਬ ਨੂੰ ਤਬਦੀਲ ਕਰਨ ਨੂੰ ਹੀ ਤਿੰਨ ਵਾਰ ਅਗੇ ਪਾਉਣ ਨਾਲ ਸ੍ਰੀ ਰਾਜੀਵ ਦੀ ਰਾਜਨੀਤਕ ਸਾਖ ਤਾਂ ਡਿਗੀ ਹੀ ਹੈ, ਨਾਲ ਹੀ ਅਤਿਵਾਦੀਆਂ ਵੱਖਵਾਦੀਆਂ ਲਈ ਆਪਣੇ ਕਾਲੇ ਅਮਲ ਜਾਰੀ ਰਖਣ ਦਾ ਆਧਾਰ ਵੀ ਬਣਿਆ ਹੈ।

ਪੰਜਾਬ ਵਿਚ ਦੀ ਬੇਭਰੋਸਗੀ ਦੀ ਹਾਲਤ ਮੁੜ ਕੇ ਹਿੰਸਕ ਰੂਪ ਧਾਰਨ ਕਰਦੀ ਜਾ ਰਹੀ ਹੈ। ਜਿਸ ਫਿਰਕੂ ਵਾਤਾਵਰਨ ਨੇ ਹੁਣ ਤੱਕ ਮਨਾਂ ਨੂੰ ਹੀ ਕਲੰਕਤ ਕੀਤਾ ਸੀ, ਉਸ ਨੇ ਦੋ ਫਿਰਕਿਆਂ ਵਿਚ ਟੱਕਰਾਂ ਦਾ ਮੁੱਢ ਬੰਨ੍ਹ ਦਿਤਾ ਹੈ ਇਸ ਨਾਲ ਪੰਜਾਬ ਤੋਂ ਬਾਹਰ ਬੈਠੇ 40 ਲੱਖ ਦੇ ਕਰੀਬ ਪੰਜਾਬੀ ਸਿੱਖਾਂ ਦੀਆਂ ਜਾਨਾਂ ਵੀ ਤਰਾਹ ਤਰਾਹ ਕਰਨ ਲੱਗੀਆਂ ਹਨ। ਅਜਿਹੇ ਮਾਹੌਲ ਵਿਚ ਸਾਮਰਾਜੀ ਸ਼ਕਤੀਆਂ ਅਤੇ ਉਨ੍ਹਾਂ ਦੇ ਏਜੰਟਾਂ ਨੂੰ ਮਨ ਆਈਆਂ ਕਰਨ ਦੀ ਖੁਲ੍ਹ ਮਿਲ ਗਈ ਹੈ।

ਪੰਜਾਬ ਬਾਰੇ ਜਿਸ ਨੀਤੀ ਨੂੰ ਹੁਣ ਰਾਜੀਵ-ਸਰਕਾਰ ਅਗੇ ਤੋਰ ਰਹੀ ਹੈ, ਕਿਧਰੇ ਇਹ ਇੰਦਰਾ ਗਾਂਧੀ ਵੇਲੇ ਦੇ ਬਦੇਸ਼ੀ ਜਾਸੂਸਾਂ ਦੇ ਟੋਲੇ ਨਾਲ ਸੰਬੰਧਿਤ ਕਿਸੇ ਟੋਲੇ ਦੀ ਸਲਾਹ ਤੇ ਹੀ ਤਾਂ ਨਹੀਂ ਕੀਤਾ ਜਾ ਰਿਹਾ? ਤਾਜ਼ੀਆਂ ਖਬਰਾਂ ਅਨੁਸਾਰ ਸ੍ਰੀ ਰਾਜੀਵ ਦੇ ਸਭ ਤੋਂ ਨਜ਼ਦੀਕੀ ਸ੍ਰੀ ਅਰੁਣ ਨਹਿਰੂ ਨੂੰ ਕੇਂਦਰੀ ਕੈਬਨਿਟ ਤੋਂ ਵੱਖ ਕਰ ਦਿਤਾ ਜਾਣਾ, ਕੀ ਇਸ ਸਾਜ਼ਸ਼ ਦੇ ਪਤਾ ਲੱਗਣ ਤੋਂ ਮਗਰੋਂ ਉਠਾਇਆ ਕਦਮ ਤਾਂ ਨਹੀਂ ਹੈ? ਜੇਕਰ ਅੰਜਿਹੀ ਕੋਈ ਗੱਲ ਹੈ ਤਾਂ ਨਿਸਚੇ ਹੀ ਭਾਰਤ ਨੂੰ ਅਸਥਿਰ ਕਰਨ ਦੇ ਸਾਮਰਾਜੀਆਂ ਦੇ ਮਨਸੂਬੇ ਆਪਣੇ ਅਮਲੀ ਰੂਪ ਵਿਚ ਕੀਤੇ ਜਾ ਰਹੇ ਸਮਝਣੇ ਚਾਹੀਦੇ ਹਨ।

ਕਦੀ ਇੰਗਲੈਂਡ, ਕਦੀ ਕੈਨੇਡਾ, ਕਦੀ ਅਮਰੀਕਾ ਵਿਚ ਸ੍ਰੀ ਰਾਜੀਵ ਗਾਂਧੀ ਦੇ ਕਤਲ ਦੀਆਂ ਫੜੀਆਂ ਜਾ ਰਹੀਆਂ ਸਾਜ਼ਸ਼ਾਂ ਦੇ ਪੜਦੇ ਵਿਚ ਕਿਧਰੇ ਕੋਈ ਖਤਰਨਾਕ ਸਾਜ਼ਸ਼ ਸਿਰਜਨ ਲਈ ਭਾਰਤ ਵਿਰੋਧੀ ਤੱਤਾਂ ਦੀ ਕਮੀਨਗੀ ਦੀ ਝਲਕ ਤਾਂ ਨਹੀਂ ਪੈ ਰਹੀ?

ਅਸੀਂ ਕਹਿਣਾ ਚਾਹੁੰਦੇ ਹਾਂ ਕਿ ਕੇਂਦਰ ਨੂੰ ਈਮਾਨਦਾਰੀ ਤੋਂ ਕੰਮ ਲੈ ਕੇ ਪੰਜਾਬ ਸਮਝੌਤੇ ਨੂੰ ਅੱਖਰ ਅੱਖਰ 15 ਅਗਸਤ ਤਕ ਲਾਗੂ ਕਰਨਾ ਚਾਹੀਦਾ ਹੈ ਅਤੇ ਭਾਰਤ ਦੀਆਂ ਖੁਫੀਆ ਏਜੰਸੀਆਂ ਨੂੰ ਸਾਮਰਾਜੀਆਂ ਦੀਆਂ ਸਾਜ਼ਸ਼ਾਂ ਦਾ ਪਰਦਾ ਫਾਸ਼ ਕਰਨਾ ਚਾਹੀਦਾ ਹੈ।

ਕੈਨੇਡਾ ਡੇ ਦਾ ਦਿਹਾੜਾ

'ਕੈਨੇਡਾ ਡੇ' ਦਾ ਦਿਨ ਕੈਨੇਡਾ ਵਾਸੀਆਂ ਲਈ ਏਕਤਾ ਦੇ ਸੰਕਲਪ ਦਾ ਦਿਹਾੜਾ ਹੈ। ਕਿਊਬਕ ਸੂਬੇ ਵਿਚ ਵੱਖਵਾਦੀ ਸ਼ਕਤੀਆਂ ਆਪਣਾ ਜ਼ੋਰ ਲਾ ਕੇ ਦੇਖ ਹਟੀਆਂ ਹਨ ਅਤੇ ਉਨ੍ਹਾਂ ਦੀ ਸਰਕਾਰ ਮੂਧੇ ਮੂੰਹ ਜਾ ਡਿੱਗੀ ਹੈ। ਕਿਸੇ ਵੀ ਦੇਸ਼ ਵਿਚ ਵੱਖਵਾਦ ਦਾ ਨਾਅਰਾ ਜੋ ਧਰਮ, ਬੋਲੀ ਤੇ ਫਿਰਕੇ ਦੇ ਆਧਾਰ ਉਤੇ ਉਠਦਾ ਹੈ ਉਹ ਅਣਿਆਈਂ ਮੌਤ ਮਰਦਾ ਹੈ। ਕੈਨੇਡਾ ਦੀਆਂ ਸਿੱਖ ਧਾਰਮਕ ਸੰਸਥਾਵਾਂ ਨੇ ਹਿੰਸਾ ਦੇ ਤਿਆਗ ਬਾਰੇ ਜੋ ਬਿਆਨ ਦਿਤੇ ਹਨ ਉਹ ਹੌਂਸਲੇ ਤੇ ਉਤਸ਼ਾਹ ਵਾਲੇ ਹਨ। ਕੈਨੇਡਾ ਵਿਚ ਇਸ ਦਿਹਾੜੇ ਸਾਨੂੰ ਕੈਨੇਡੀਅਨ ਬਣਕੇ ਹੀ ਰਹਿਣਾ ਸ਼ੋਭਦਾ ਹੈ। ਮੁੱਠੀ ਭਰ ਲੋਕਾਂ ਵਲੋਂ ਵੱਖਵਾਦੀ ਨਾਅਰੇ ਸਾਡਾ ਕੁਝ ਸੁਆਰ ਨਹੀਂ ਸਕਣਗੇ। ਕਮਿਊਨਿਟੀ ਦੀ ਏਕਤਾ ਲਈ ਯਤਨ ਜਾਰੀ ਰੱਖਣੇ ਜ਼ਰੂਰੀ ਹਨ।

ਕੈਨੇਡਾ ਵਿਚ ਉਭਰੇ ਗ਼ਦਰੀ ਯੋਧੇ

ਕੇਸਰ ਸਿੰਘ ਨਾਵਲਿਸਟ

ਬਾਬਾ ਨਿਰੰਜਨ ਸਿੰਘ ਜੀ ਪੰਡੋਰੀ ਲਧਾ ਸਿੰਘ (ਹੁਸ਼ਿਆਰਪੁਰ) ਉਨ੍ਹਾਂ ਫੌਜੀ ਨੌਜਵਾਨਾਂ ਵਿਚੋਂ ਸਨ ਜੋ ਅੰਗਰੇਜ਼-ਸਰਕਾਰ ਦੀ ਚਾਕਰੀ ਨੂੰ ਘ੍ਰਿਣਾ ਕਰਦੇ ਹੋਏ ਸੁਥਰੀ ਸੁਚੱਜੀ ਕਿਰਤ ਦੀ ਭਾਲ ਵਿਚ ਪ੍ਰਦੇਸਾਂ ਵਲ ਤੁਰ ਪਏ ਸਨ। ਇਹ ਉਹ ਸਮਾਂ ਸੀ ਜਦ ਅੰਗਰੇਜ਼, ਨੌਜਵਾਨ ਸਿੱਖਾਂ ਨੂੰ ਪੁਲਸ ਵਿਚ ਭਰਤੀ ਕਰਕੇ, ਪੂਰਬੀ ਏਸ਼ੀਆ ਵਿਚ ਆਪਣੀ ਸਲਤਨਤ ਦੀਆਂ ਜੜ੍ਹਾਂ ਹੋਰ ਪੱਕੀਆਂ ਕਰ ਰਹੇ ਸਨ। ਬਰਮਾ, ਮਲਾਯਾ, ਸਿੰਘਾਪੁਰ, ਹਾਂਗਕਾਂਗ ਤੇ ਚੀਨ ਵਿਚ ਕਾਇਮ ਕੀਤੀਆਂ ਬਸਤੀਆਂ, ਉਹ ਸਿਖਾਂ ਦੇ ਬਾਹੂ-ਬਲ ਨਾਲ ਕਾਇਮ ਰਖ ਰਹੇ ਸਨ।

ਸਿਖ ਨੌਜਵਾਨਾਂ ਨੂੰ ਪੰਜਾਬ ਤੋਂ ਬਾਹਰ ਲਿਜਾਕੇ ਅੰਗਰੇਜ਼ ਇਕੋ ਸਮੇਂ ਕਈ ਸ਼ਿਕਾਰ ਕਰ ਰਹੇ ਸਨ। ਅੰਗਰੇਜ਼ਾਂ ਨੂੰ ਸਦਾ ਇਹ ਡਰ ਰਹਿੰਦਾ ਸੀ ਕਿ ਕਿਸਾਨ-ਸਿਖ ਮੰਦਹਾਲੀ ਤੇ ਗੁਲਾਮੀ ਦੇ ਕਾਰਨ ਕਿਧਰੇ ਬਲਵੇ ਨਾ ਕਰਨ ਲਗ ਪੈਣ। ਪੰਜਾਬੀ-ਕਿਸਾਨ ਨੌਜਵਾਨਾਂ ਨੂੰ ਪੂਰਬੀ ਏਸ਼ੀਆ ਵਿਚ ਲਿਜਾਕੇ, ਆਪਣੇ ਇਸ ਡਰ ਦੇ ਮਸਲੇ ਨੂੰ ਹਲ ਕਰ ਲਿਆ। ਉਨ੍ਹਾਂ ਹੀ ਨੌਜਵਾਨ ਸਿਖਾਂ ਨੂੰ ਪੱਕੀ ਗੁਲਾਮੀ ਵਿਚ ਜਕੜਨ ਲਈ ਆਪਣੀਆਂ ਬਸਤੀਆਂ ਵਿਚ ਲਿਜਾਕੇ, ਘਰੋਂ ਦੂਰ ਕਰ ਦਿਤਾ। ਨਾਲ ਹੀ ਅੰਗਰੇਜ਼ਾਂ ਨੇ ਸਿਖਾਂ ਨੂੰ ਗੁਲਾਮ ਬਣਾਕੇ, ਇਨ੍ਹਾਂ ਗੁਲਾਮਾਂ ਦੇ ਬਾਹੂ-ਬਲ ਨਾਲ, ਉਨ੍ਹਾਂ ਦੇਸਾਂ ਦੇ ਵਸਨੀਕਾਂ ਨੂੰ ਗੁਲਾਮ ਬਣਾਈ ਰਖਣ ਦੀ ਸਾਜ਼ਸ਼ ਕੀਤੀ।

ਅਜਿਹੇ ਸਿਖ ਨੌਜਵਾਨਾਂ ਨੂੰ ਮਲਕਾ-ਵਿਕਟੋਰੀਆ ਦੀ ਜੁਬਲੀ ਸਮੇਂ ਸਲਾਮੀ ਦੇਣ ਲਈ ਲੰਡਨ ਭੇਜਿਆ ਗਿਆ। ਹਿੰਦੁਸਤਾਨ ਵਾਪਸ ਮੁੜਨ ਲਈ ਇਨ੍ਹਾਂ ਫੌਜੀਆਂ ਨੂੰ ਕੈਨੇਡਾ ਰਾਹੀਂ ਭੇਜਿਆ ਗਿਆ। ਇਹ ਗਲ 1897 ਦੀ ਹੈ। ਕੈਨੇਡਾ ਦੇ ਪੂਰਬੀ ਸਮੁੰਦਰੀ ਕੰਢੇ ਤੋਂ ਪੱਛਮੀ ਤੱਟ ਤਕ, ਰੇਲਵੇ-ਲਾਈਨ, ਕੁਝ ਹੀ ਸਾਲ ਪਹਿਲੋਂ ਬਣ ਚੁਕੀ ਸੀ। ਇਹ ਫੌਜੀ ਲਗਪਗ ਪੰਜ ਹਜ਼ਾਰ ਮੀਲ ਗੱਡੀ ਦਾ ਸਫਰ ਕਰਕੇ, ਹੈਲੀਫੈਕਸ ਤੋਂ ਵੈਨਕੋਵਰ ਪਹੁੰਚੇ।

ਉਨ੍ਹਾਂ ਪੂਰਬੀ ਕੰਢੇ ਤੋਂ ਪੱਛਮੀ ਕੰਢੇ ਵੱਲ ਜਾਣ ਸਮੇਂ ਖੁਲ੍ਹੀਆਂ ਜ਼ਮੀਨਾਂ ਤਕੀਆਂ। ਘਣੇ ਜੰਗਲ ਵੇਖੇ। ਨਦੀਆਂ ਦੇ ਸ਼ੂਕਦੇ ਪਾਣੀਆਂ ਦੀਆਂ ਆਵਾਜ਼ਾਂ ਸੁਣੀਆਂ। ਕਿਸਮ ਕਿਸਮ ਦੇ ਜੰਗਲੀ ਜਾਨਵਰਾਂ ਨੂੰ ਖੌਰੂ ਪਾਉਂਦਿਆਂ ਤੱਕਿਆ। ਜੰਗਲਾਂ ਵਿਚ, ਕਣਕਾਂ ਨਾਲੋਂ ਉਚੇ ਘਾਹ ਉਗਦੇ ਤਕੇ। ਆਕਾਸ਼ ਨਾਲ ਗੱਲਾਂ ਕਰਦੇ ਰੁਖਾਂ ਦੇ ਆਲੇ ਦੁਆਲੇ ਰੰਗ ਬਰੰਗੇ ਫੁਲਾਂ ਦੀਆਂ ਸੁਗੰਧੀਆਂ ਮਾਣੀਆਂ। ਪਹਾੜਾਂ ਦੀਆਂ ਚੋਟੀਆਂ ਬਰਫਾਂ ਨਾਲ ਢੱਕੀਆਂ, ਚਿੱਟੀ-ਦੁੱਧ ਧੁਪ ਵਿਚ ਚਮਕਦੀਆਂ ਵੇਖਕੇ, ਪੰਜਾਬ ਦੇ ਅਲ੍ਹੜ ਜਵਾਨਾਂ ਦੇ ਦਿਲ ਤੜਪ ਉਠੇ। ਉਨ੍ਹਾਂ ਦੀ ਜ਼ਮੀਨ ਦੀ ਭੁਖ ਤੇ ਸੁਹੱਪਣ ਮਾਣਨ ਦੀ ਤੜਪ ਜਾਗ ਉਠੀ। ਇਸ ਨਵੀਂ ਧਰਤੀ ਨੇ ਉਨ੍ਹਾਂ ਦੇ ਮਨਾਂ ਨੂੰ ਕੀਲ ਲਿਆ। ਉਹ ਇਸ ਧਰਤੀ ਉਤੇ ਕਬਜ਼ਾ ਕਰਕੇ ਸੁਚੀ-ਕਿਰਤ ਕਰਨ ਲਈ ਤੜਪ ਉਠੇ।

ਵਾਪਸ ਮੁੜਨਾ ਉਨ੍ਹਾਂ ਦੀ ਮਜਬੂਰੀ ਸੀ। ਦੇਸ ਮੁੜਦਿਆਂ ਉਹ ਸੰਘਾਈ, ਹਾਂਗਕਾਂਗ, ਸਿੰਘਾਪੁਰ, ਪੀਨਾਂਗ ਤੇ ਰੰਗੂਨ ਰੁਕਦੇ ਗਏ ਸਨ। ਉਹ ਸਭ ਥਾਈਂ ਨਵੀਂ ਧਰਤੀ, ਕੈਨੇਡਾ, ਦੀਆਂ ਸਿਫਤਾਂ ਕਰਦੇ ਗਏ। ਪੂਰਬੀ ਏਸ਼ੀਆ ਵਿਚ ਵਸਦੇ ਸਾਰੇ ਪੰਜਾਬੀ ਕੈਨੇਡਾ ਦੀਆਂ ਸਿਫਤਾਂ ਸੁਣਕੇ ਕੈਨੇਡਾ ਉਤੇ ਧਾਵਾ ਬੋਲਣ ਲਈ ਕਮਰਕਸੇ ਕਰਨ ਲਗ ਪਏ, ਲੰਡਨ ਤੋਂ ਕੈਨੇਡਾ ਰਾਹੀਂ ਹੋ ਕੇ ਵਾਪਸ ਗਏ ਕਈ ਫੌਜੀ ਨਾਮ ਕਟਾਕੇ ਕੈਨੇਡਾ ਵੱਲ ਮੁੜਨ ਲਗ ਪਏ। ਉਨ੍ਹਾਂ ਆਪਣੇ ਪੇਂਡੂ, ਰਿਸ਼ਤੇਦਾਰ ਤੇ ਫੌਜੀ ਸਾਥੀ ਨਾਲ ਤੋਰ ਲਏ। ਪੂਰਬੀ-ਏਸ਼ੀਆ ਦੇ ਖਾਸ ਕਰਕੇ ਸਿਖਾਂ ਤੇ ਆਮ ਕਰਕੇ ਪੰਜਾਬੀਆਂ ਵਿਚ ਰੌਲਾ ਪੈ ਗਿਆ—"ਕੈਨੇਡਾ ਖੁਲ੍ਹ ਗਿਆ ਹੈ।" ਨਾਮ ਕਟੇ ਫੌਜੀ ਧੜਾਧੜ ਕੈਨੇਡਾ ਪਹੁੰਚਣ ਲਗ ਪਏ।

ਵੀਹਵੀਂ ਸਦੀ ਦੇ ਆਰੰਭ ਵਿਚ ਹਜ਼ਾਰਾਂ ਸਿਖ ਤੇ ਗਿਣਤੀ ਮਿਣਤੀ ਦੇ ਹਿਦੂ, ਮੁਸਲਮਾਨ ਪੰਜਾਬੀ, ਵਿਕਟੋਰੀਆ ਤੇ ਵੈਨਕੂਵਰ ਦੀਆਂ ਬੰਦਰਗਾਹਾਂ ਉਤੇ ਆ ਉਤਰੇ। ਇਨ੍ਹਾਂ ਨਾਮਕਟੇ ਫੌਜੀਆਂ ਵਿਚ ਇਕ ਨੌਜਵਾਨ ਨਿਰੰਜਨ ਸਿੰਘ ਪੰਡੋਰੀ ਲਧਾ ਸਿੰਘ ਵੀ ਸੀ। ਉਸ ਦਾ ਉਚਾ ਲੰਮਾ ਕੱਦ, ਰੰਗ ਗੋਰਾ ਨਸ਼ੋਅ, ਕਾਲੀਸ਼ਾਹ ਨੌਜਵਾਨ ਦਾੜ੍ਹੀ ਤੇ ਮੁਛਹਿਰੇ, ਸਿਰ ਉਤੇ ਫੌਜੀ-ਢੰਗ ਦੀ ਬੱਧੀ ਵੱਡੀ ਸਾਰੀ ਦਸਤਾਰ, ਪਛਮੀ ਢੰਗ ਦਾ ਥਰੀਅ ਪੀਸ ਕਾਲਾ ਸੂਟ-ਪਤਲੂਨ, ਵਾਸਟਕ ਤੇ ਕੋਟ, ਪੈਰੀਂ ਕਾਲੇ ਸ਼ਾਹ ਲਿਸ਼ਕਦੇ ਬੂਟ ਤੇ ਹੱਥ ਵਿਚ ਛੱਤਰੀ। ਉਹ ਇਕ ਫੌਜੀ ਅਫਸਰ ਲਗਦਾ।

ਕਿਰਤ ਦੀ ਮਹਾਨਤਾ ਜਾਣਨ ਵਾਲੇ ਫੌਜੀਆਂ ਨੂੰ ਜੋ ਕੰਮ ਲਭਾ, ਉਹੋ ਕਰ ਲਿਆ। ਉਨ੍ਹਾਂ ਦਿਨਾਂ ਵਿਚ ਹੋਰ ਰੇਲਾਂ ਵਿੱਛ ਰਹੀਆਂ ਸਨ। ਵਿਕਟੋਰੀਆ ਤੋਂ ਨਨਾਇਮੋ ਵਲ ਜਾਂਦੀ ਰੇਲ ਰੋਡ ਉਤੇ ਨੌਜਵਾਨ ਨਿਰੰਜਨ ਸਿੰਘ ਨੇ ਕੰਮ ਲੱਭ ਲਿਆ। ਕੁਝ ਸਮਾਂ ਅੰਗਰੇਜ਼ਾਂ ਦੀ ਫੌਜ ਵਿਚ ਰਹਿਣ ਕਰਕੇ ਉਹ ਅੰਗਰੇਜ਼ੀ ਬੋਲ ਤੇ ਸਮਝ ਲੈਂਦਾ ਸੀ। ਉਸ ਨੇ ਦੁਭਾਸ਼ੀਏ ਦਾ ਕੰਮ ਵੀ ਕਰਨਾ ਸ਼ੁਰੂ ਕਰ ਦਿੱਤਾ ਪ੍ਰਬੰਧਕਾਂ ਨੇ ਉਸਦੇ ਠਰ੍ਹਮੇ ਤੇ ਮਿਠਬੋਲੜੇ ਸੁਭਾਅ ਦੇ ਅਸਰ ਹੇਠ ਆ ਕੇ ਉਸ ਨੂੰ ਪੰਜਾਬੀ ਮਜ਼ਦੂਰਾਂ ਉਤੇ ਫੋਰਮੈਨ ਲਾ ਦਿਤਾ।

ਇਹ ਉਹ ਸਮਾਂ ਜੀ ਜਦ ਬ੍ਰਿਟਿਸ਼ ਕੋਲੰਬੀਆ ਵਿਚ ਸਿਖਾਂ ਦੀ ਵਸੋਂ ਲਗਪਗ ਤਿੰਨ ਹਜ਼ਾਰ ਤਕ ਪਹੁੰਚ ਚੁਕੀ ਸੀ। ਭਾਈ ਵਰਿਆਮ ਸਿੰਘ ਨਥੋਕੇ, ਭਾਈ ਭਾਗ ਸਿੰਘ ਭਿਖੀਵਿੰਡ, ਭਾਈ ਬਲਵੰਤ ਸਿੰਘ ਖੁਰਦਪੁਰ ਤੇ ਭਾਈ ਅਰਜਨ ਸਿੰਘ ਮਲਕ ਦੀ ਅਗਵਾਈ ਵਿਚ, ਸਿੰਘ, ਗੁਰਦੁਆਰੇ ਦੀ ਇਮਾਰਤ ਬਣਾਉਣ ਦੇ ਯਤਨ ਵਿਚ ਸਨ। ਇਸ ਸਮੇਂ ਵਿਚ ਨੌਜਵਾਨ ਨਿਰੰਜਨ ਸਿੰਘ ਨੇ ਆਪਣੇ ਸਾਥੀਆਂ ਤੋਂ ਮਾਹਵਾਰੀ ਚੰਦਾ ਇਕੱਠਾ ਕਰਕੇ ਭੇਜਣਾ ਜਾਰੀ ਰਖਿਆ।

ਇਸ ਦੌਰਾਨ ਕੈਨੇਡੀਅਨ ਗੋਰਿਆਂ ਦੇ ਵਾਵੇਲਾ ਕਰਨ ਤੇ ਸਿਖਾਂ ਦੀ ਆਮਦ ਉਤੇ ਸਰਕਾਰ ਨੇ ਪਾਬੰਦੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਿਥੇ ਜਿਥੇ ਵੀ ਸਿਖ ਮਜ਼ਦੂਰ ਕੰਮ ਕਰਦੇ ਸਨ ਉਨ੍ਹਾਂ ਆਪਣੀਆਂ ਜਥੇਬੰਦੀਆਂ ਤਿਆਰ ਕਰ ਲਈਆਂ। ਨਿਰੰਜਨ ਸਿੰਘ ਆਪਣੀ ਇਕਾਈ ਦਾ ਆਗੂ ਸੀ। ਉਸ ਦੀ ਅਗਵਾਈ ਵਿਚ ਮਜ਼ਦੂਰਾਂ ਨੇ ਗੋਰਿਆਂ ਦੇ ਹਮਲਿਆਂ ਦਾ ਡਟ ਕੇ ਮੁਕਾਬਲਾ ਕੀਤਾ।

1908 ਵਿਚ ਗੁਰਦੁਆਰਾ ਵੈਨਕੋਵਰ ਤੇ 1912 ਵਿਚ ਵਿਕਟੋਰੀਆ ਬਣ ਜਾਣ ਕਰਕੇ ਸਿੱਖ ਮਜ਼ਦੂਰਾਂ ਦੀ ਜਥੇਬੰਦੀ ਮਜ਼ਬੂਤ ਹੋ ਗਈ। ਵਿਰਲੇ ਵਿਰਲੇ ਹਿੰਦੂ ਮੁਸਲਮਾਨ ਵੀ ਇਸ ਮਜ਼ਦੂਰ ਜਥੇਬੰਦੀ ਦਾ ਅੰਗ ਸਨ। ਇਸ ਮਜ਼ਬੂਤ ਜਥੇਬੰਦੀ ਨੂੰ ਕਮਜ਼ੋਰ ਕਰਨ ਲਈ ਤੇ ਸਿੱਖਾਂ ਨੂੰ ਕੈਨੇਡਾ ਵਿਚੋਂ ਕੱਢ ਕੇ ਬ੍ਰਿਟਿਸ਼ ਹਾਂਡਰੂਸ ਭੇਜਣ ਦੇ ਯਤਨ ਕੀਤੇ ਗਏ। ਜਦ ਇਹ ਨਿਸਫਲ ਰਹੇ ਤਾਂ ਸਰਕਾਰ ਨੇ ਕੁਝ ਸਰਕਾਰਪ੍ਰਸਤ ਆਪਣੇ ਹੱਥ ਵਿਚ ਲੈ ਕੇ ਧੜੇ ਬਣਾਉਣੇ ਸ਼ੁਰੂ ਕਰ ਦਿੱਤੇ।

ਹਿੰਦੀ ਮਜ਼ਦੂਰਾਂ ਨੂੰ ਕੈਨੇਡਾ ਆ ਕੇ ਇਕ ਨਵਾਂ ਤਜਰਬਾ ਹੋਇਆ ਸੀ ਜਿਸ ਕਰਕੇ ਉਨ੍ਹਾਂ ਦੀ ਗੁਲਾਮੀ ਉਨ੍ਹਾਂ ਨੂੰ ਚੁੱਭਣ ਲਗ ਪਈ। ਪੂਰਬੀ ਏਸ਼ੀਆ ਦੇ ਮੁਲਕਾਂ ਵਿਚ ਉਹ, ਅੰਗਰੇਜ਼ਾਂ ਪਿਛੋਂ, ਦੂਜੇ ਦਰਜੇ ਦੇ ਹੁਕਮਰਾਨ ਮੰਨੇ ਜਾਂਦੇ ਸਨ ਕੈਨੇਡਾ ਵਿਚ ਮਜ਼ਦੂਰੀਆਂ ਕਰਕੇ ਉਨ੍ਹਾਂ ਨੂੰ ਆਪਣੀ ਅਸਲੀ ਕੀਮਤ ਦਾ ਪਤਾ ਲਗਾ, ਗੁਲਾਮ ਹੋਣ ਕਰਕੇ ਉਨ੍ਹਾਂ ਨੂੰ ਸਭ ਪਾਸਿਆਂ ਤੋਂ ਦੁਰਕਾਰਿਆ ਜਾਣ ਲੱਗਾ। ਗੁਰਦੁਆਰੇ ਦੇ ਇਕ ਦੀਵਾਨ ਵਿਚ ਜਦ ਇਹ ਫੈਸਲਾ ਕੀਤਾ ਗਿਆ ਕਿ ਜਦ ਤਕ ਗੁਲਾਮੀ ਦਾ ਤੌਕ ਨਹੀਂ ਲਹਿੰਦਾ ਉਨ੍ਹਾਂ ਦੀਆਂ ਤਕਲੀਫਾਂ ਵਧਦੀਆਂ ਹੀ ਜਾਣਗੀਆਂ, ਤਾਂ ਸਿੰਘ ਦੇਸ ਜਾ ਕੇ ਆਜ਼ਾਦੀ ਦੀ ਲੜਾਈ ਲੜਨ ਦੀਆਂ ਵਿਚਾਰਾਂ ਕਰਨ ਲਗ ਪਏ।

ਇਨ੍ਹਾਂ ਦਿਨਾਂ ਵਿਚ ਗ਼ਦਰ ਲਹਿਰ ਜ਼ੋਰ ਪਕੜ ਰਹੀ ਸੀ। ਨਵੰਬਰ 1913 ਵਿਚ 'ਗ਼ਦਰ' ਅਖਬਾਰ ਛਪਣਾ ਸ਼ੁਰੂ ਹੋ ਗਿਆ। ਪਹਿਲੇ ਪਰਚੇ ਵਿਚ ਹੀ ਮਜ਼ਦੂਰਾਂ ਨੂੰ ਲਲਕਾਰਿਆ ਗਿਆ ਕਿ ਦੇਸ ਜਾ ਕੇ ਆਜ਼ਾਦੀ ਦੀ ਜੰਗ ਸ਼ੁਰੂ ਕੀਤੀ ਜਾਏ। ਪਹਿਲੀ ਲਲਕਾਰ ਉਤੇ ਹੀ ਦੋ ਨੌਜਵਾਨ ਕੈਨੇਡਾ ਤੋਂ ਦੇਸ ਨੂੰ

ਬਾਕੀ ਪੰਨਾ 6 'ਤੇ

ਅਰੁਣ ਨਹਿਰੂ ਦਾ ਪੱਤਾ ਕੱਟ ਦਿਤਾ

ਨਵੀਂ ਦਿੱਲੀ — ਅੰਦਰੂਨੀ ਸੁਰੱਖਿਆ ਦੇ ਮਾਮਲਿਆਂ ਦੇ ਰਾਜ ਮੰਤਰੀ ਸ੍ਰੀ ਅਰੁਣ ਨਹਿਰੂ, ਜਿਨ੍ਹਾਂ ਨੂੰ ਪਿਛਲੇ ਦਿਨ ਹੀ ਹਸਪਤਾਲ ਤੋਂ ਛੁੱਟੀ ਮਿਲੀ ਸੀ, ਮੰਤਰੀ ਮੰਡਲ ਤੋਂ ਵੱਖ ਕਰ ਦਿਤੇ ਗਏ ਹਨ।

ਸ੍ਰੀ ਅਰੁਣ ਨਹਿਰੂ ਰਾਜੀਵ ਗਾਂਧੀ ਦੇ ਨੇੜਲੇ ਬੰਦਿਆਂ ਵਿਚੋਂ ਗਿਣੇ ਜਾਂਦੇ ਸਨ। ਪਰ ਪੰਜਾਬ ਦੇ ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਵਿਰੁੱਧ ਹਰਿਆਣੇ ਦੇ ਲੀਡਰਾਂ ਨੂੰ ਭੜਕਾਉਣ ਵਾਲੇ ਸ੍ਰੀ ਨਹਿਰੂ ਹੀ ਸਨ ਜਿਨ੍ਹਾਂ ਪੰਜਾਬ ਦੇ ਮਸਲੇ ਨੂੰ ਪੇਚੀਦਾ ਕੀਤਾ। ਪੰਜਾਬ ਦੇ ਵਿੱਤ ਮੰਤਰੀ ਬਲਵੰਤ ਸਿੰਘ ਨੇ ਅਰੁਣ ਨਹਿਰੂ ਉਤੇ ਇਹ ਵੀ ਦੋਸ਼ ਲਾਇਆ ਸੀ ਕਿ ਉਨ੍ਹਾਂ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਬਨਾਉਣ ਦਾ ਲਾਲਚ ਦੇ ਕੇ ਅਕਾਲੀ ਪਾਰਟੀ ਵਿਚ ਫੁੱਟ ਪਾਈ।

ਪੰਜਾਬ ਦੇ ਹਲਕੇ ਅਰੁਣ ਨਹਿਰੂ ਦੇ ਪੱਤੇ ਕੱਟੇ ਜਾਣ ਨਾਲ ਖੁਸ਼ ਦੱਸੇ ਜਾਂਦੇ ਹਨ।

ਜਾਣਕਾਰ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਪ੍ਰਣਾਬ ਮੁਕਰਜੀ ਵਾਂਗ ਅਰੁਣ ਨਹਿਰੂ ਅਮਰੀਕਾ ਦੇ ਕਾਫੀ ਨੇੜੇ ਸਨ ਅਤੇ ਇਹ ਖਦਸ਼ਾ ਜ਼ਾਹਿਰ ਕੀਤਾ ਜਾਂਦਾ ਸੀ ਕਿ ਰਾਜੀਵ ਦੀ ਥਾਂ ਅਰੁਣ ਨਹਿਰੂ ਛੇਤੀ ਹੀ ਲੈ ਲਵੇਗਾ।

ਪਿਤਾ ਦੀ ਕਾਤਲ ਪੁੱਤਰੀ ਨੂੰ ਸਜ਼ਾ

ਕੈਂਬਲਰਿਵਰਜਬੇ — ਇਥੇ ਇਕ ਸੋਲ੍ਹਾਂ ਸਾਲਾਂ ਦੀ ਕੁੜੀ ਨੂੰ ਜਿਸਨੇ ਆਪਣੇ ਪਿਤਾ ਨੂੰ ਗੋਲੀ ਮਾਰਕੇ ਹਲਾਕ ਕਰ ਦਿਤਾ ਸੀ 23 ਮਹੀਨਿਆਂ ਦੀ ਸਜ਼ਾ ਹੋ ਗਈ। ਦੱਸਿਆ ਜਾਂਦਾ ਹੈ ਕਿ ਇਸਦਾ ਪਿਤਾ ਜਿਸਨੇ ਕਿ ਇਸ ਕੁੜੀ ਨੂੰ ਮਾਰਨ ਦੀਆਂ ਧਮਕੀਆਂ ਦਿਤੀਆਂ ਸਨ ਤੇ ਜੱਜ ਦੇ ਕਹਿਣ ਅਨੁਸਾਰ ਉਹ ਭਾਵੇਂ ਸ਼ਰਾਬੀ ਸੀ ਤੇ ਆਪਣੀ ਘਰ ਵਾਲੀ ਨੂੰ ਕੁੱਟਦਾ ਮਾਰਦਾ ਸੀ ਪਰ ਉਹ ਵੀ ਜਿਓਣ ਦਾ ਹੱਕਦਾਰ ਸੀ ਜਿਨਾ ਕੋਈ ਹੋਰ।

ਫੈਡਰੇਸ਼ਨ ਵਲੋਂ ਜ਼ਮਾਨਤਾਂ ਨਾ ਹੋਣ ਲਈ ਵਜ਼ੀਰ ਨੂੰ ਚਿੱਠੀਆਂ

ਵੈਨਕੂਵਰ — ਕੈਨੇਡੀਅਨ ਪ੍ਰੈਸ ਦੀ ਖਬਰ ਅਨੁਸਾਰ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਬੁਲਾਰੇ ਨੇ ਕਿਹਾ ਹੈ ਕਿ ਹਜ਼ਾਰਾਂ ਚਿਠੀਆਂ ਜਸਟਿਸ ਮਨਿਸਟਰ ਕਰੌਸਬੀ ਨੂੰ ਭੇਜੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ ਅਤੇ ਏਸੇ ਕਾਰਨ ਵੱਖ ਵੱਖ ਦੋਸ਼ਾਂ ਅਧੀਨ ਫੜੇ ਸਿੱਖਾਂ ਦੀਆਂ ਜ਼ਮਾਨਤਾਂ ਨਹੀਂ ਹੋ ਰਹੀਆਂ।

ਖਬਰ ਅਨੁਸਾਰ ਪੰਜਾਬ ਦੇ ਕੈਬਨਿਟ ਵਜ਼ੀਰ ਮਲਕੀਅਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲੇ ਦੇ ਦੋਸ਼ ਹੇਠ ਚਾਰ ਵਿਅਕਤੀਆਂ ਦੀਆਂ ਜ਼ਮਾਨਤਾਂ ਮਨਸੂਖ ਕਰ ਦਿੱਤੀਆਂ ਗਈਆਂ। ਮੌਂਟਰੀਅਲ ਵਿਚ ਨੀਊਯਾਰਕ ਤੋਂ ਏਅਰ ਇੰਡੀਆ ਦੇ ਜਹਾਜ਼ ਨੂੰ ਬੰਬ ਨਾਲ ਉਡਾਉਣ ਦੀ ਸਾਜ਼ਿਸ਼ ਵਿਚ ਸ਼ਾਮਲ ਪੰਜ ਵਿਅਕਤੀਆਂ ਦੀਆਂ ਜ਼ਮਾਨਤਾਂ ਵੀ ਨਹੀਂ ਕੀਤੀਆਂ ਗਈਆਂ।

ਪਿਛਲੇ ਹਫਤੇ ਬੱਬਰ ਖਾਲਸਾ ਦੇ ਸੱਤ ਵਿਅਕਤੀ ਫੜੇ ਜਾਣ ਉਤੇ ਵੀ ਉਨ੍ਹਾਂ ਦੀਆਂ ਜ਼ਮਾਨਤਾਂ ਨਹੀਂ ਹੋਈਆਂ। ਵੀਰਵਾਰ ਮੁੜ ਹੈਮਿਲਟਨ ਵਿਚ ਉਨ੍ਹਾਂ ਦੀ ਸੁਣਵਾਈ ਸ਼ੁਰੂ ਹੋ ਰਹੀ ਹੈ।

ਅਲਬਰਟਾ ਵਿਚ ਯੂਨੀਅਨਾਂ ਹੜਤਾਲੀ ਮਜ਼ਦੂਰਾਂ ਦੀ ਮਦਦ ਤੇ

ਹਜ਼ਾਰਾਂ ਦੀ ਗਿਣਤੀ ਵਾਲੀਆਂ ਮਜ਼ਦੂਰ ਜਥੇਬੰਦੀਆਂ ਦੀ ਕੋਲੀਸ਼ਨ ਨੇ ਗੇਨਰਜ਼ ਮੀਟ ਪੈਕਰ ਵਿਚ ਚਲ ਰਹੀ ਹੜਤਾਲ ਤੇ ਹੜਤਾਲੀ ਮਜ਼ਦੂਰਾਂ ਵਿਰੁਧ ਕੋਰਟ ਦੁਆਰਾ ਜਾਰੀ ਕੀਤੇ ਇੰਜੈਕਸ਼ਨ ਵਿਰੁਧ ਕਾਗਜ਼ ਪੇਸ਼ ਕੀਤੇ ਤੇ ਕਿਹਾ ਕਿ ਇਹ ਗੈਰ ਵਿਧਾਨਕ ਹੈ। ਬੀ. ਸੀ. ਲੇਬਰ ਫੈਡਰੇਸ਼ਨ ਨੇ ਵੀ ਹੜਤਾਲੀਆਂ ਦੀ ਹਿਮਾਇਤ ਦਾ ਹੋਕਾ ਦਿੱਤਾ ਹੈ ਤੇ ਕਿਹਾ ਹੈ ਇਸਦੇ ਮੈਂਬਰ ਗੇਨਰਜ਼ ਮੀਟ ਦੀ ਕਿਸੇ ਵੀ ਉਪਜ ਨੂੰ ਹਥ ਨਾ ਲਾਉਣ।

ਹੀਰਿਆਂ ਦੇ ਚੋਰ ਰਾਜਵਿੰਦਰ ਪਾਲ ਨੂੰ ਅੱਠ ਸਾਲ ਕੈਦ

ਵੈਨਕੂਵਰ — ਡੈਲਟਾ ਦੇ ਸਾਬਕਾ ਪੁਲਸਮੈਨ ਰਾਜਵਿੰਦਰਪਾਲ ਸਿੰਘ ਗਿੱਲ ਨੂੰ ਜੱਜ ਨੇ ਅੱਠ ਸਾਲ ਦੀ ਕੈਦ ਸੁਣਾ ਦਿਤੀ ਹੈ।

ਜਿਊਰੀ ਨੇ ਰਾਜਵਿੰਦਰ ਪਾਲ ਸਿੰਘ ਨੂੰ ਸੱਤ ਦੋਸ਼ਾਂ ਵਿਚ ਦੋਸ਼ੀ ਠਹਿਰਾਇਆ। ਫਰਵਰੀ 15, 1985 ਨੂੰ ਰਾਜਵਿੰਦਰ ਪਾਲ ਨੇ ਇਕ ਹੋਰ ਆਦਮੀ ਨਾਲ ਰਲਕੇ ਨੌਰਥ ਵੈਨਕੂਵਰ ਦੇ ਹੀਰਿਆਂ ਦੇ ਵਪਾਰੀ ਚੌਹਾਨ ਦੇ ਘਰ ਚੋਰੀ ਕੀਤੀ ਅਤੇ ਪ੍ਰਵਾਰ ਦੇ ਮੈਂਬਰਾਂ ਨੂੰ ਤਸੀਹੇ ਦਿੱਤੇ।

ਭੂਚਾਲ ਦੇ ਝਟਕੇ ਨਾਲ ਜਾਪਾਨ ਹਿੱਲ ਗਿਆ

ਟੋਕੀਓ — ਇਥੇ ਪੁਜੀਆਂ ਖਬਰਾਂ ਅਨੁਸਾਰ ਸੋਮਵਾਰ ਨੂੰ ਜਾਪਾਨ ਵਿਚ ਭੂਚਾਲ ਦਾ ਇਕ ਤਾਕਤਵਰ ਝਟਕਾ ਆਇਆ ਜਿਸ ਨਾਲ ਆਮ ਜੀਵਨ ਵਿਚ ਆਵਾਜਾਈ ਦੇ ਸਾਧਨਾਂ, ਤੇਜ਼ ਰਫਤਾਰ ਗੱਡੀਆਂ ਆਦਿ ਨੂੰ ਰੁਕਣਾ ਪਿਆ ਤੇ ਇਸ ਭੂਚਾਲ ਦੇ ਝਟਕੇ ਨੇ ਵੱਡੀਆਂ ਇਮਾਰਤਾਂ ਹਿਲਾ ਦਿਤੀਆਂ। ਉਂਝ ਜਾਨੀ ਜਾਂ ਮਾਲੀ ਨੁਕਸਾਨ ਹੋਣ ਦੀ ਕੋਈ ਖਬਰ ਨਹੀਂ। ਇਹ ਝਟਕਾ ਠੀਕ ਦੁਪਹਿਰ ਤੋਂ ਕੁਝ ਪਹਿਲਾਂ ਆਇਆ ਤੇ 6.9 ਸਕੇਲ ਰਜਿਸਟਰਡ ਕੀਤਾ ਗਿਆ।

ਪੰਨਾ 4 ਦੀ ਬਾਕੀ

ਜਾਣ ਲਈ ਤਿਆਰ ਹੋ ਪਏ। ਇਕ ਸੀ ਭਾਈ ਕਰਮ ਸਿੰਘ ਦੌਲਤਪੁਰ, ਜੋ ਮਗਰੋਂ ਬਬਰ ਅਕਾਲੀ ਲਹਿਰ ਵਿਚ ਸ਼ਹੀਦ ਹੋਏ। ਦੂਜਾ ਨੌਜਵਾਨ ਸੀ ਭਾਈ ਨਿਰੰਜਨ ਸਿੰਘ ਪੰਡੋਰੀ ਲਧਾ ਸਿੰਘ। ਭਾਈ ਕਰਮ ਸਿੰਘ ਦੌਲਤਪੁਰ ਨੂੰ ਪੁਲਸ ਨੇ ਪਿੰਡ ਵਿਚ ਹੀ ਨਜ਼ਰਬੰਦ ਕਰ ਦਿਤਾ। ਭਾਈ ਨਿਰੰਜਨ ਸਿੰਘ ਨੂੰ ਪੰਜਾਬ ਦੀ ਗ਼ਦਰ ਲਹਿਰ ਵਿਚ ਹਿਸਾ ਪਾਉਣ ਦਾ ਮੌਕਾ ਮਿਲ ਗਿਆ। ਉਹ ਗ਼ਦਰੀ ਆਗੂਆਂ ਵਿਚੋਂ ਇਕ ਚੁਣਵੇਂ ਆਗੂ ਸਨ।


"ਗ਼ਦਰ ਸਾਜ਼ਸ਼ ਦੀ ਵਿਥਿਆ" ਸਫਾ 117 ਦਾ ਹਵਾਲਾ ਦੇ ਕੇ ਕਾਮਰੇਡ ਗੁਰਚਰਨ ਸਿੰਘ ਸਹਿਸਰਾ, ਪ੍ਰਕਾਸ਼ਕ "ਗ਼ਦਰ ਪਾਰਟੀ ਦਾ ਇਤਿਹਾਸ" ਨੇ ਲਿਖਿਆ ਹੈ — "ਪੰਜੀ ਮਈ ਦੀ ਮੀਟਿੰਗ ਵਿਚ ਭਾਈ ਪ੍ਰੇਮ ਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਜਵੰਦ ਸਿੰਘ ਨੰਗਲ, ਭਾਈ ਈਸ਼ਰ ਸਿੰਘ ਢੁਡੀਕੇ ਤੇ ਹੋਰ ਗ਼ਦਰੀਆਂ ਨੇ ਫੈਸਲਾ ਕੀਤਾ ਕਿ ਕਪੂਰਥਲੇ ਦੇ ਅਸਲਾਖਾਨੇ ਉਤੇ ਹਮਲਾ ਕਰਕੇ ਹਥਿਆਰ ਖੋਹੇ ਜਾਣ। ਭਾਈ ਨਿਰੰਜਨ ਸਿੰਘ ਪੰਡੋਰੀ ਲਧਾ ਸਿੰਘ ਤੇ ਭਾਈ ਅਮਰ ਸਿੰਘ ਉਸਮਾਨਪੁਰੀਏ ਨੂੰ ਪੰਜਾਹ ਸੱਠ ਬੰਦੇ ਲੈ ਜਾਣ ਲਈ ਤਿਆਰ ਕਰਨ ਵਾਸਤੇ ਹੁਕਮ ਹੋਇਆ।"

ਕਈ ਕਾਰਨਾਂ ਕਰਕੇ ਇਹ ਹਮਲਾ ਸਿਰੇ ਨਹੀਂ ਚੜ੍ਹ ਸਕਿਆ। ਤਰੀਕਾਂ ਬਦਲਣੀਆਂ ਪਈਆਂ ਸਨ। ਪਰ ਇਹ ਜ਼ਰੂਰ ਸਾਬਤ ਹੁੰਦਾ ਹੈ ਕਿ ਗ਼ਦਰੀਆਂ ਨੂੰ ਭਾਈ ਨਿਰੰਜਨ ਸਿੰਘ ਤੇ ਭਾਈ ਅਮਰ ਸਿੰਘ ਦੀ ਅਗਵਾਈ ਉਤੇ ਕਿੰਨਾ ਭਰੋਸਾ ਸੀ।

ਜਦ ਮੁਖਬਰਾਂ ਨੇ ਗ਼ਦਰ ਲਹਿਰ ਨੂੰ ਕਮਜ਼ੋਰ ਕਰ ਦਿੱਤਾ ਤਾਂ ਗ਼ਦਰ ਪਾਰਟੀ ਨੇ ਭਾਈ ਨਿਰੰਜਨ ਸਿੰਘ ਨੂੰ ਹੁਕਮ ਦਿਤਾ ਕਿ ਉਹ ਯਕਦਮ ਨਿਕਲ ਕੇ ਕੈਲੇਫੋਰਨੀਆ ਪਹੁੰਚ ਜਾਏ ਤੇ ਉਥੇ ਜਾ ਕੇ ਪਾਰਟੀ ਦਾ ਕੰਮ ਸੰਭਾਲੇ। ਉਸ ਸਮੇਂ ਯੋਰਪ ਦੀ ਜੰਗ ਬੜੇ ਜ਼ੋਰਾਂ ਉਤੇ ਸੀ। 1916 ਵਿਚ ਦੇਸੋਂ ਭੱਜ ਕੇ ਕੈਲੇਫੋਰਨੀਆ ਪਹੁੰਚਣਾ ਅਤੀ ਕਠਿਨ ਸੀ ਪਰ ਨਿਰੰਜਨ ਸਿੰਘ ਬੜਾ ਜੁਗਤੀ ਤੇ ਦਲੇਰ ਹੋਣ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਕੈਲੇਫੋਰਨੀਆ ਪਹੁੰਚ ਗਿਆ।

1917 ਵਿਚ ਅਮਰੀਕਾ ਵੀ ਯੋਰਪ ਦੀ ਜੰਗ ਵਿਚ ਕੁਦ ਪਿਆ। ਨਾਲ ਹੀ ਅਮਰੀਕਨ ਸਰਕਾਰ ਨੇ ਗ਼ਦਰੀਆਂ ਦੇ ਖਿਲਾਫ ਕਦਮ ਚੁਕ ਲਿਆ। ਵੱਡੇ ਵੱਡੇ ਗ਼ਦਰੀ ਗ੍ਰਿਫਤਾਰ ਕੀਤੇ ਗਏ। ਮੁਕੱਦਮਾ ਚਲਾਕੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਨਿਰੰਜਨ ਸਿੰਘ ਦੇਸੋਂ ਵਾਪਸ ਆਉਣ ਕਰਕੇ ਤੇ ਆਪਣੀ ਜੁਗਤ ਨਾਲ ਲਾਂਭੇ ਹੋ ਜਾਣ ਕਰਕੇ ਅਮਰੀਕਨ ਸਰਕਾਰ ਦੀ ਚੁੰਗਲ ਤੋਂ ਬਚ ਗਿਆ। ਜਦ ਗ਼ਦਰੀ ਜੇਲ੍ਹਾਂ ਵਿਚ ਸਨ ਨਿਰੰਜਨ ਸਿੰਘ ਨੇ ਕੁਝ ਹੋਰ ਸਾਥੀਆਂ ਨਾਲ ਮਿਲਕੇ ਗ਼ਦਰ ਲਹਿਰ ਦੀ ਜੋਤ ਨਾ ਬੁਝਣ ਦਿਤੀ।

ਜਦ ਗ਼ਦਰੀ ਯੋਧੇ ਜੇਲ੍ਹਾਂ ਵਿਚੋਂ ਰਿਹਾ ਹੋ ਕੇ ਬਾਹਰ ਨਿਕਲੇ ਤਾਂ ਉਨ੍ਹਾਂ ਨੂੰ ਜਲਾਵਤਨ ਕੀਤੇ ਜਾਣ ਦੇ ਨਿਸਫਲ ਜਤਨ ਕੀਤੇ ਗਏ। ਨਿਰੰਜਨ ਸਿੰਘ ਤੇ ਉਨ੍ਹਾਂ ਦੇ ਸਾਥੀ ਖੇਤੀਬਾੜੀ ਕਰ ਰਹੇ ਸਨ। ਉਨ੍ਹਾਂ ਦਾ ਡੇਰਾ ਗ਼ਦਰੀਆਂ ਦਾ ਨਵਾਂ ਅੱਡਾ ਬਣ ਗਿਆ ਪਰ ਸਿਆਸੀ ਸਰਗਰਮੀਆਂ ਦਾ ਵੇਲਾ ਨਾ ਜਾਣਕੇ ਆਪਣੀ ਕਿਰਤ-ਕਮਾਈ ਵਿਚ ਡਟੇ ਰਹੇ। ਆਪਣੇ ਸਾਥੀਆਂ ਦੀ ਸੇਵਾ ਸੰਭਾਲ ਵਿਚ ਲਗੇ ਰਹੇ। ਉਸ ਸਮੇਂ ਨਿਰੰਜਨ ਸਿੰਘ ਦਾ ਮੈਕਸੀਕਨ ਨਾਮ Jose Lopez ਤੇ Tony Lopez ਸੀ।



ਬਾਬਾ ਨਿਰੰਜਨ ਸਿੰਘ ਢਿਲੋਂ

ਹਿੰਦੁਸਤਾਨ ਦੀ ਆਜ਼ਾਦੀ ਦਾ ਘੋਲ ਖੱਤੇ ਵਿਚ ਪੈ ਜਾਣ ਕਰਕੇ ਗ਼ਦਰ ਲਹਿਰ ਨੇ ਆਪਣਾ ਮੂੰਹ ਸੋਸ਼ਲਿਜ਼ਮ ਵਲ ਮੋੜ ਲਿਆ। ਅਸਲੀਅਤ ਤਾਂ ਇਹ ਹੈ ਕਿ 'ਗ਼ਦਰ' ਅਖਬਾਰ ਦੇ ਸ਼ੁਰੂ ਹੋਣ ਤੋਂ ਹੀ ਰੂਸੀ ਗ਼ਦਰੀਆਂ ਨਾਲ ਹਮਦਰਦੀ ਦੇ ਲੇਖ ਛਾਪੇ ਜਾ ਰਹੇ ਸਨ। ਰੂਸੀ ਲੋਕ 1905 ਦੇ ਦਰ ਵਿਚ ਸਫਲ ਨਹੀਂ ਸਨ ਹੋ ਸਕੇ ਗ਼ਦਰ ਲਹਿਰ ਦੀ ਰੂਸੀ ਦੇਸਭਗਤਾਂ ਨਾਲ ਹਮਦਰਦੀ ਸੀ। ਰੂਸੀ ਦੇਸਭਗਤਾਂ ਦੇ ਦੁਖਾਂ ਤੇ ਕੁਰਬਾਨੀਆਂ ਦੀ ਕਹਾਣੀ ਗ਼ਦਰ ਲਹਿਰ ਦਾ ਇਕ ਹਿਸਾ ਬਣ ਚੁੱਕੀ ਸੀ 1913-1914 ਵਿਚ ਹੀ ਗ਼ਦਰ ਲਹਿਰ ਨੇ ਸੋਸ਼ਲਿਜ਼ਮ ਨੂੰ ਅਪਣਾਅ ਲਿਆ ਸੀ। ਇਸ ਦੇ ਸਬੂਤ ਲਈ "ਗ਼ਦਰ" ਅਖਬਾਰ ਦੇ ਪਰਚੇ ਗਵਾਹ ਹਨ।

19171 ਵਿਚ ਹਿੰਦੀ ਗ਼ਦਰੀਆਂ ਉਤੇ ਮੁਕਦਮੇ ਚਲ ਰਹੇ ਸਨ। ਉਨ੍ਹਾਂ ਈ ਦਿਨਾਂ ਵਿਚ ਰੂਸ ਦੀ ਆਜ਼ਾਦੀ ਦਾ ਝੰਡਾ ਰੂਸ ਦੀ ਧਰਤੀ ਉਤੇ ਖੜਾ ਹੋ ਚੁਕਾ ਸੀ ਰੂਸੀ ਲੋਕਾਂ ਦੀ ਜਦੋਜਹਿਦ ਦਾ ਅਸਰ ਹਿੰਦੀ ਗ਼ਦਰੀਆਂ ਉਤੇ ਹੋਣਾ ਕੁਦਰਤੀ ਸੀ। ਪਹਿਲੇ ਗ਼ਦਰ ਵਿਚ ਹਿੰਦੁਸਤਾਨੀ ਗ਼ਦਰੀ ਦੇਸ ਦੀ ਆਜ਼ਾਦੀ ਪ੍ਰਾਪਤ ਨਹੀਂ ਸਨ ਕਰ ਸਕੇ। ਗ਼ਦਰ ਲਹਿਰ ਅਰੰਭ ਤੋਂ ਹੀ ਸਪੱਸ਼ਟ ਸੀ ਕਿ ਕੇਵਲ ਹਥਿਆਰਬੰਦ ਜਮਾਤ ਹੀ ਫਰੰਗੀਆਂ ਨੂੰ ਹਰਾ ਸਕਦੀ ਹੈ। ਇਸ ਲਈ ਗ਼ਦਰੀਆਂ ਨੇ ਹਿੰਦੁਸਤਾਨ ਦੀ ਹੱਦ ਉਤੇ ਬਹਿਕੇ ਗ਼ਦਰ ਕਰਨ ਦਾ ਫੈਸਲਾ ਕਰ ਲਿਆ। ਇਹ ਕਦਮ ਚੁੱਕਣ ਨਾਲ ਹੀ ਗ਼ਦਰੀਆਂ ਨੇ ਰੂਸ ਜਾਕੇ ਹਥਿਆਰਬੰਦ ਟਰੇਨਿੰਗ ਲੈਣ ਦਾ ਇਰਾਦਾ ਬਣਾ ਲਿਆ।

ਇਤਿਹਾਸ ਦੱਸਦਾ ਹੈ ਕਿ ਸਭ ਤੋਂ ਪਹਿਲੋਂ ਮੌਲਵੀ ਬਰਕਤ ਉਲਾ, ਜੋ ਗ਼ਦਰ ਪਾਰਟੀ ਦਾ ਮੀਤ ਪ੍ਰਧਾਨ ਸੀ, 1922 ਵਿਚ ਰੂਸ ਜਾ ਕੇ ਲੈਨਨ ਨੂੰ ਮਿਲਿਆ। ਉਸ ਤੋਂ ਬਾਦ ਉਹ ਅਮਰੀਕਾ ਪਾਰਟੀ ਪਾਸ ਆ ਗਿਆ। ਕਾਮਰੇਡ ਗੁਰਚਰਨ ਸਿੰਘ ਸਹਿਸਰਾ ਵਲੋਂ ਸਰਦਾਰ ਗੁਰਦੇਵ ਸਿੰਘ ਢਿਲੋਂ, ਸਪੁੱਤਰ ਬਾਬਾ ਨਿਰੰਜਨ ਸਿੰਘ ਜੀ ਵਲ 16-8-67 ਨੂੰ ਲਿਖੀ ਇਕ ਚਿੱਠੀ ਵਿਚ ਵੀ ਇਸ ਗੱਲ ਦਾ ਜ਼ਿਕਰ ਆਉਂਦਾ ਹੈ।

1914-1918 ਦੇ ਦਰਮਿਆਨ ਰਾਜਾ ਮਹਿੰਦਰੋ ਪ੍ਰਤਾਪ ਨੇ ਆਰਜ਼ੀ ਅਜ਼ਾਦ ਹਿੰਦ ਸਰਕਾਰ ਬਣਾਈ ਹੋਈ ਸੀ। ਇਸ ਦਾ ਅੱਡਾ ਅਫਗਾਨਸਤਾਨ ਵਿਚ ਸੀ। ਉਨ੍ਹਾਂ ਦੇ ਨਾਲ ਦੇ ਕਈ ਯੋਧੇ ਸ਼ਹੀਦੀਆਂ ਪ੍ਰਾਪਤ ਕਰ ਚੁਕੇ ਸਨ। ਉਹ ਆਪ ਅੰਗਰੇਜ਼ੀ ਸਰਕਾਰ ਤੋਂ ਬਚਦੇ ਬਚਾਂਦੇ 1926 ਵਿਚ ਕੈਲੇਫੋਰਨੀਆ ਪਹੁੰਚ ਗਏ। ਉਨ੍ਹਾਂ ਨੇ ਇਕ ਅੱਡਾ ਨੇਪਾਲ ਵਿਚ ਬਣਾਉਣ ਦੀ ਤਜਵੀਜ਼ ਗ਼ਦਰ ਪਾਰਟੀ ਦੇ ਸਾਹਮਣੇ ਰਖੀ। ਉਨ੍ਹਾਂ ਦੀ ਸਲਾਹ ਮੰਨਕੇ ਗ਼ਦਰ ਪਾਰਟੀ ਨੇ ਉਨ੍ਹਾਂ ਨੂੰ ਸਤ ਗ਼ਦਰੀ—ਦਸੌਂਧਾ ਸਿੰਘ ਢਾਡਾ ਕਲਾਂ, ਗੈਂਦਾ ਸਿੰਘ ਬੜਾ ਸਰਹਾਲਾ, ਦੂਲਾ ਸਿੰਘ ਖੇੜਾ, ਚਰਨ ਸਿੰਘ ਧੁਲੇਤਾ, ਬਿਸ਼ਨ ਸਿੰਘ ਬੁਰਜ, ਇੰਦਰ ਸਿੰਘ ਟੂਟੋਮਾਜਰਾ ਤੇ ਸ਼ਮਸ਼ੇਰ ਸਿੰਘ ਢਿਲੋਂ ਸੁਰ ਸਿੰਘ—ਦੇ ਦਿਤੇ। ਇਸ ਗ਼ਦਰੀ ਜਥੇ ਦਾ ਹਾਲ, ਬਾਬਾ ਨਿਰੰਜਨ ਸਿੰਘ ਜੀ ਪੰਡੋਰੀ ਨੇ ਆਪਣੇ ਬਿਆਨਾਂ ਵਿਚ ਲਿਖਿਆ ਹੈ।

ਗ਼ਦਰ ਪਾਰਟੀ ਦੀ ਮੁਹਾਰ ਸੋਸ਼ਲਿਜ਼ਮ ਵਲ ਪੱਕੀ ਹੋ ਚੁਕੀ ਸੀ। ਇਸ ਸਮੇਂ ਡਾਕਟਰ ਭਾਗ ਸਿੰਘ ਦੇਸੋਂ ਪੜ੍ਹਨ ਦਾ ਪਾਸਪੋਰਟ ਲੈ ਕੇ ਗ਼ਦਰ ਪਾਰਟੀ ਦਾ ਕੰਮ ਕਰਨ ਕੈਲੇਫੋਰਨੀਆ ਪਹੁੰਚੇ। ਕੌਮਾਗਾਟਾ ਮਾਰੂ ਦਾ ਮਸ਼ਹੂਰ ਮੁਸਾਫਰ ਗੁਰਮੁਖ ਸਿੰਘ ਲਲਤੋਂ ਹਥਕੜੀਆਂ ਤੋੜ ਕੇ ਕਾਬਲ ਪਹੁੰਚਿਆ ਹੋਇਆ ਸੀ। ਗ਼ਦਰ ਪਾਰਟੀ ਦੇ ਹੁਕਮ ਅਨੁਸਾਰ ਉਹ ਵੀ ਕੈਲੇਫਰੋਨੀਆ ਪਹੁੰਚ ਗਿਆ। 1930 ਵਿਚ ਗ਼ਦਰੀ ਆਗੂ ਤੇਜਾ ਸਿੰਘ ਸੁਤੰਤਰ ਕਈ ਦੇਸਾਂ ਵਿਚ ਘੁੰਮਦਾ ਘੁਮਾਂਦਾ ਕੈਲੇਫੋਰਨੀਆ ਪਹੁੰਚ ਗਿਆ। ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਉਤੇ ਚਲ ਰਹੇ ਕੇਸ ਦੇ ਪੈਰਵੀ ਕਰਨ ਲਈ ਤੇਜਾ ਸਿੰਘ ਸੁਤੰਤਰ ਤੇ ਬਾਬਾ ਨਿਰੰਜਨ ਸਿੰਘ ਉਗਰਾਹੀ ਕਰਨ ਲਈ ਪਾਨਾਮਾ ਗਏ।

1953 ਵਿਚ ਕੈਲੇਫੋਰਨੀਆ ਦੀ ਸੈਨਟ ਨੇ ਇਕ ਕਮੇਟੀ ਨਿਯਤ ਕੀਤੀ ਜਿਸ ਦਾ ਕੰਮ ਸੀ ਕਿ ਗ਼ਦਰ ਪਾਰਟੀ ਦੇ ਸੰਬੰਧ ਵਿਚ ਇਕ ਰਪੋਰਟ ਤਿਆਰ ਕਰਨੀ। ਇਹ ਰਿਪੋਰਟ Un-American Activities in California ਦੇ ਸਿਰਲੇਖ ਹੇਠਾਂ ਛਾਪੀ ਗਈ। ਇਸ ਰਿਪੋਰਟ ਵਿਚ ਗ਼ਦਰ ਪਾਰਟੀ ਦੇ ਉਲਟ ਖਬਰਾਂ ਦੇ ਵਾਲੇ ਮੁਖਬਰਾਂ ਦੀਆਂ ਮੌਤਾਂ ਦਾ ਜ਼ਿਕਰ ਹੈ। ਇਹ ਸਾਰੀਆਂ ਮੌਤਾਂ 1925 ਤੋਂ 1931 ਦੇ ਦਰਮਿਆਨੇ ਸਮੇਂ ਵਿਚ ਹੋਈਆਂ। ਇਨ੍ਹਾਂ ਗ਼ਦਾਰਾਂ ਨੂੰ ਮਾਰਨ ਵਾਲਿਆਂ ਦਾ ਸਰਕਾਰ ਨੂੰ ਕੋਈ ਸੁਰ ਪਤਾ ਨਾ ਲੱਗਾ ਪਰ ਇਸ ਸੈਨਟ-ਕਮੇਟੀ ਨੇ ਸ਼ਕੀ ਬੰਦਿਆਂ ਦੀ ਲਿਸਟ ਵਿਚ ਸਭ ਤੋਂ ਪਹਿਲਾ ਨਾਮ ਬਾਬਾ ਨਿਰੰਜਨ ਸਿੰਘ ਪੰਡੋਰੀ ਦਾ ਲਿਖਿਆ। ਹੋਰ ਸ਼ਕੀ ਗ਼ਦਰੀਆਂ ਦੇ ਨਾਮ ਇਸ ਤਰ੍ਹਾਂ ਹਨ — ਜੋਗਾ ਸਿੰਘ, ਅਰਜਨ ਸਿੰਘ, ਨਿਧਾਨ ਸਿੰਘ, ਭਾਨ ਸਿੰਘ, ਕਿਸ਼ਨ ਸਿੰਘ, ਸੁੰਦਰ ਸਿੰਘ ਤੇ ਕਿਹਰ ਸਿੰਘ। ਸੋਲਾਂ ਹੋਰ ਗ਼ਦਰੀਆਂ ਦੇ ਨਾਮ ਇਸ ਲਿਸਟ ਵਿਚ ਦਰਜ ਨਹੀਂ ਕੀਤੇ ਗਏ।

ਮਰ ਜਾਣ ਵਾਲੇ ਮੁਖਬਰਾਂ ਦੇ ਨਾਮ ਤਰੀਕਵਾਰ ਇਸ ਤਰ੍ਹਾਂ ਦਰਜ ਹਨ

1. ਅਕਤੂਬਰ 29, 1926 ਨੂੰ ਜੁਆਲਾ ਸਿੰਘ ਕਤਲ ਕੀਤਾ ਗਿਆ। ਉਸ ਦੀ ਲਾਸ਼ ਵਾਲਨਟ ਗਰੋਵ ਦੇ ਜੰਗਲ ਵਿਚੋਂ ਲੱਭੀ।
2. 1927 ਵਿਚ ਭਾਲਾ ਸਿੰਘ ਅਚਾਨਕ ਗੁੰਮ ਹੋ ਗਿਆ। ਉਸ ਦੀ ਲਾਸ਼ ਵੀ ਨਾ ਮਿਲੀ।
3. ਜੁਲਾਈ 1927 ਨੂੰ ਅਮਰ ਸਿੰਘ ਆਪਣੇ ਰੈਂਚ ਵਿਚ, Biggs ਦੇ ਨੇੜੇ ਖੇਤਾਂ ਨੂੰ ਪਾਣੀ ਲਾਉਣ ਗਿਆ। ਮੁੜ ਨਹੀਂ ਮੁੜਿਆ। ਨਾ ਹੀ ਉਸਦਾ ਕੋਈ ਪਤਾ ਲਭਾ।
4. ਮਈ 29, 1928 ਨੂੰ ਐਚ. ਆਰ ਮਹਿਰਾ ਨੂੰ ਗੋਲੀ ਮਾਰ ਕੇ ਕਿਸੇ ਨੇ ਦਰਿਆ ਵਿਚ ਸੁਟ ਦਿਤਾ।
5. 1929 — ਨਿਰੰਜਨ ਸਿੰਘ ਫਰੇਜਨੋ ਦੀ ਲਾਸ਼ ਮਿਲੀ।
6. 1929 ਵਿਚ ਕਿਸ਼ਨ ਸਿੰਘ ਦੀ ਲਾਸ਼ ਸੰਤਾਫੇ ਡੀਪੋ(ਸਟਾਕਟਨ) ਦੇ ਨੇੜੇ ਇਕ ਛਪੜ ਵਿਚੋਂ ਮਿਲੀ।
7. 1929 ਵਿਚ ਸ਼ੇਰ ਸਿੰਘ ਨੂੰ Butte city ਲਾਗੇ ਕਿਡਨੈਪ ਕੀਤਾ ਗਿਆ ਉਸ ਦੀ ਲਾਸ਼ ਵੀ ਨਾ ਮਿਲੀ।
8. 1929 ਵਿਚ ਦਸਵੰਧਾ ਸਿੰਘ ਨੂੰ ਮੈਰਿਸਵਿਚ ਦੇ ਨੇੜੇ ਇਕ ਰੈਂਚ ਵਿਚ ਗਲਾ ਘੁਟਕੇ ਮਾਰ ਦਿਤਾ ਗਿਆ।
9. 1930 ਵਿਚ ਅਮਰ ਸਿੰਘ ਯੂਬਾ ਸਿਟੀ ਨੇੜੇ ਮਰਿਆ ਲਭਿਆ।
10. ਅਗਸਤ 1930—ਬੂੜਾ ਸਿੰਘ ਦੂਜਾ ਨਾਮ ਡਾਕੂ ਸਿੰਘ ਨੂੰ ਗਲਾ ਘੁਟ ਕੇ ਵਾਲਨਟ ਗਰੋਵ ਦੇ ਨੇੜੇ, ਮਾਰ ਦਿਤਾ ਗਿਆ।

ਬਾਕੀ ਪੰਨਾ 7 ਤੇ

ਸਾਊਥ ਅਫਰੀਕਾ ਖਾਨਾਜੰਗੀ ਅਪਾਰਥਾਈਡ (ਨਸਲਵਾਦੀਆਂ) ਦਾ ਅੰਤ ਨੇੜੇ

ਲੰਡਨ — ਦੱਖਣੀ ਅਫਰੀਕਾ ਦੀ ਸਰਕਾਰ ਨੇ ਜਦੋਂ ਕਿ ਐਮਰਜੈਂਸੀ ਲਾਈ ਹੋਈ ਹੈ ਕੋਈ ਵੀ ਖਬਰ ਦੱਖਣੀ ਅਫਰੀਕਾ ਤੋਂ ਬਾਹਰ ਨਹੀਂ ਆਉਣ ਦਿਤੀ ਜਾ ਰਹੀ। ਦੱਖਣੀ ਅਫਰੀਕਾ ਦੀ ਚਿੱਟੀ ਚਮੜੀ ਸਰਕਾਰ ਨੇ ਅਫਰੀਕਨ ਨੈਸ਼ਨਲ ਕਾਂਗਰਸ ਦੇ ਸਰਗਰਮ ਕਾਰਕੁੰਨਾਂ ਨੂੰ ਤਸੀਹੇ ਦੇ ਰਹੀ ਹੈ ਜਾਂ ਖਤਮ ਹੀ ਕਰੀ ਜਾ ਰਹੀ ਹੈ ਹਜ਼ਾਰਾਂ ਹੀ ਲੋਕਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਰਹੀ ਹੈ।

ਸਾਊਥ ਅਫਰੀਕਾ ਦੇ ਕਾਲੇ ਜੂਝਦੇ ਲੋਕ ਇਹ ਸਮਝਦੇ ਹਨ ਕਿ ਹੁਣ ਇਹ ਸਾਫ ਹੈ ਕਿ ਚਿੱਟੀ ਸਰਕਾਰ ਨਾਲ ਲੜਾਈ ਜਾਰੀ ਹੋ ਚੁੱਕੀ ਹੈ ਵਿਨੀ ਮੰਡੇਲਾ ਜੋ ਸ੍ਰੀ ਨੈਲਸਨ ਮੰਡੇਲਾ ਦੀ ਪਤਨੀ ਹੈ ਨੇ ਕਿਹਾ ਕਿ ਅਪਾਰਥਾਈਡ ਦਾ ਅੰਤ ਨੇੜੇ ਤੇ ਕਾਲੇ ਲੋਕ ਹੁਦ ਆਜ਼ਾਦੀ ਲਈ ਡਟਕੇ ਖਲੋ ਗਏ ਹਨ। ਕਲ ਇਥੇ ਟੈਲੀਵੀਯਨ ਭੇਂਟ ਵਿਚ ਵਿੰਨੀ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਦੱਖਣੀ ਅਫਰੀਕਾ ਦੀ ਸਰਕਾਰ ਨੇ "ਐਮਰਜੈਂਸੀ ਲਾ ਕੇ ਯੁਧ ਦਾ ਐਲਾਨ ਕੀਤਾ ਹੈ" ਤੇ "ਇਹ ਯੁਧ ਕਾਲੇ ਲੋਕ ਜਿਤਣਗੇ।"

ਜੇ ਚਿੱਟੇ ਨਸਲਵਾਦੀ ਆਖਰੀ ਦਮ ਤਕ ਲੜਨਗੇ ਤਾਂ ਅਸੀਂ ਵੀ ਆਖਰੀ ਦਮ ਤਕ ਲੜਨ ਦਾ ਅਕੀਦਾ ਕੀਤਾ ਹੋਇਆ ਹੈ।

ਮੀਜ਼ੋਰਮ ਦਾ ਨਵਾਂ ਮੁੱਖ ਮੰਤਰੀ ਲਾਲਡੇਂਗਾ ਬਣਿਆ

ਨਵੀਂ ਦਿੱਲੀ — ਮੀਜ਼ੋਰਮ ਦੇ ਨੈਸ਼ਨਲ ਲਿਬਰੇਸ਼ਨ ਫਰੰਟ ਅਤੇ ਕਾਂਗਰਸ (ਆਈ) ਵਿਚਕਾਰ ਸਮਝੌਤਾ ਹੋ ਜਾਣ ਨਾਲ ਸ੍ਰੀ ਲਾਲਡੇਂਗਾ ਨੂੰ ਮੀਜ਼ੋਰਮ ਦਾ ਮੁੱਖ ਮੰਤਰੀ ਬਣਾ ਦਿਤਾ ਗਿਆ ਹੈ।

ਸ੍ਰੀ ਲਾਲਡੇਂਗਾ ਨਾਲ ਪਿਛਲੇ ਸਾਲ ਤੋਂ ਗੱਲਬਾਤ ਜਾਰੀ ਸੀ। ਮੀਜ਼ੋਰਮ ਵੱਖਵਾਦੀਆਂ ਦਾ ਗੜ੍ਹ ਸਮਝਿਆ ਜਾਂਦਾ ਸੀ। ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲੋਂ ਲਾਲਡੇਂਗਾ ਨੂੰ ਮੁੜ ਕੌਮੀ ਮੁੱਖ ਧਾਰਾ ਵਿਚ ਸ਼ਾਮਲ ਕਰਨ ਨੂੰ ਵੱਖ ਵੱਖ ਪਾਰਟੀਆਂ ਨੇ ਸਲਾਹੁਣਯੋਗ ਕਦਮ ਕਿਹਾ ਹੈ।

ਸ੍ਰੀ ਲੰਕਾ ਦੀ ਸਰਕਾਰ ਨੇ ਤਾਮਿਲਾਂ ਨਾਲ ਅਮਨ ਸਮਝੌਤਾ ਕੀਤਾ

ਕੋਲੰਬੋ — ਸ੍ਰੀ ਲੰਕਾ ਦੇ ਮੰਤਰੀ ਮੰਡਲ ਨੇ ਗੁਰੀਲੇ ਤਾਮਿਲਾਂ ਨਾਲ ਹੁਣੇ ਹੁਣੇ ਹੋਏ ਅਮਨ ਸਮਝੌਤੇ ਨੂੰ ਪ੍ਰਵਾਨਗੀ ਦੇ ਦਿਤੀ ਹੈ। ਹੁਣ ਤਾਮਿਲ ਇਕ ਸੂਬੇ ਵਿਚ ਤਾਮਿਲਾਂ ਦੇ ਬਹੁਮਤ ਵਾਲੀ ਅਸੈਂਬਲੀ ਖੁਦ ਚੁਣਨਗੇ। ਗੁਰੀਲੇ ਜੋ ਪਿਛਲੇ ਤਿੰਨ ਸਾਲਾਂ ਤੋਂ ਆਤਮ ਨਿਰਣੇ ਦੇ ਅਧਿਕਾਰ ਦੀ ਮੰਗ ਕਰ ਰਹੇ ਸਨ ਤੇ ਇਸ ਦੌਰਾਨ ਸ੍ਰੀ ਲੰਕਾ ਵਿਚ ਲਗਭਗ 3000 ਲੋਕਾਂ ਦੀਆਂ ਜਾਨਾਂ ਗਈਆਂ। ਤਾਮਿਲਾਂ ਦੀ ਸ੍ਰੀ ਲੰਕਾ ਵਿਚ 12.6 ਪ੍ਰਤੀਸ਼ਤ ਵਸੋਂ ਹੈ। ਭਰੋਸੇਯੋਗ ਸੂਤਰਾਂ ਅਨੁਸਾਰ ਤਾਮਿਲਾਂ ਦੀਆਂ ਕੌਂਸਲਾਂ ਨੂੰ ਕਾਫੀ ਅਧਿਕਾਰ ਦਿਤੇ ਗਏ ਹਨ ਭੂਮੀ ਦੀ ਸੈਟਲਮੈਂਟ ਅਤੇ ਅਮਨ ਕਾਨੂੰਨ ਸਬੰਧੀ।

ਪ੍ਰਮਾਣੂ ਧੂੜ ਲੀਕ ਹੋਈ

ਟੋਕੀਓ — ਦਸਿਆ ਜਾਂਦਾ ਹੈ ਕਿ ਜਾਪਾਨ ਵਿਚ ਟੋਕੀਓ ਨੇੜੇ ਇਕ ਪ੍ਰਮਾਣੂ ਵਿਚੋਂ ਰੇਡੀਓਐਕਟਿਵ ਧੂੜ ਲੀਕ ਕਰ ਗਈ। ਧੂੜ ਲੀਕ ਕਰਕੇ ਪਲਾਸਟਿਕ ਦੀ ਛੱਤ ਨੂੰ ਪਾੜ ਗਈ ਤੇ ਇਸ ਤਰ੍ਹਾਂ ਇਸਨੇ ਬਾਰਾਂ ਵਿਅਕਤੀਆਂ ਨੂੰ ਰੇਡੀਓਐਕਟਿਵ ਨਾਲ ਪ੍ਰਭਾਵਿਤ ਕੀਤਾ, ਉਂਝ ਕਿਹਾ ਜਾਂਦਾ ਹੈ ਕਿ ਇਹਦੇ ਲੀਕ ਹੋਣ ਨਾਲ ਆਮ ਲੋਕਾਂ ਨੂੰ ਕੋਈ ਖਤਰਾ ਨਹੀਂ ਪਹੁੰਚਾ ਪਰ ਇਹ ਤਾਂ ਉਹ ਹੀ ਦੱਸ ਸਕਦੇ ਹਨ ਜੋ ਇਸਦੇ ਪ੍ਰਭਾਵ ਵਿਚ ਆਏ ਹੋਣਗੇ ਕਿ ਖਤਰਨਾਕ ਹੈ ਜਾਂ ਨਹੀਂ।

ਬੱਸ ਸਟੈਂਡ ਉਤੇ ਬੰਬ

ਅੰਮ੍ਰਿਤਸਰ ਦੇ ਬੱਸ ਸਟੈਂਡ ਉਤੇ ਬੰਬ ਸੁਟਣ ਨਾਲ ਕਈ ਵਿਅਕਤੀ ਫੱਟੜ ਹੋ ਗਏ। ਪੁਲਸ ਨੇ ਤਿੰਨ ਵਿਅਕਤੀ ਮੌਕੇ ਉਤੇ ਹੀ ਗ੍ਰਿਫਤਾਰ ਕਰ ਲਏ। ਸ਼ਹਿਰ ਦੇ ਮੈਡੀਕਲ ਕਾਲਜ ਉਤੇ ਵੀ ਬੰਬ ਸੁਟਣ ਦੀ ਕੋਸ਼ਿਸ਼ ਕੀਤੀ ਗਈ।

ਪੰਜਾਬੀ ਲੇਖਕ ਮੰਚ ਵੈਨਕੂਵਰ

ਪੰਜਾਬੀ ਲੇਖਕ ਮੰਚ ਵੈਨਕੂਵਰ ਵੱਲੋਂ ਸੂਚਨਾ ਦਿੱਤੀ ਜਾਂਦੀ ਹੈ ਕਿ ਪੰਜਾਬੀ ਲੇਖਕ ਮੰਚ ਦੀ ਅਗਲੀ ਮੀਟਿੰਗ 5 ਜੁਲਾਈ, ਦਿਨ ਸਨਿਚਰਵਾਰ ਨੂੰ ਸ਼ਾਮ ਦੇ 5.30 ਵਜੇ ਨੇਬਰਹੁਡ ਹਾਊਸ ਵਿਚ ਹੋਵੇਗੀ।

ਪੰਨਾ 6 ਦੀ ਬਾਕੀ

11. ਬੇਲਾ ਸਿੰਘ ਨੂੰ ਵਾਲਨਟ ਗਰੋਵ ਨੇੜੇ ਗੋਲੀ ਮਾਰ ਕੇ ਮਾਰ ਦਿਤਾ ਗਿਆ ਕਤਲ ਦੇ ਦੋਸ਼ ਵਿਚ ਵਿਕਟੋਰੀਆ, ਬ੍ਰਿਟਿਸ਼ ਕੋਲੰਬੀਆ ਕੈਨੇਡਾ ਤੋਂ ਬਸੰਤ ਸਿੰਘ ਫੜਿਆ ਗਿਆ। ਉਸ ਦੀ ਜੇਲ੍ਹ ਵਿਚ ਮੌਤ ਹੋ ਗਈ।

12. 1931—ਨਗੀਨਾ ਰਾਮ ਧਾਮੀ ਅਮਰੀਕਨ ਸਰਕਾਰ ਲਾਲ ਦੁਭਾਸ਼ੀਏ ਦਾ ਕੰਮ ਕਰਦਾ ਸੀ। ਉਸਨੂੰ ਸੈਕਰਾਮੈਂਟੋ ਸ਼ਹਿਰ ਵਿਚ ਗੋਲੀ ਦਾ ਨਿਸ਼ਾਨਾ ਬਣਾ ਦਿਤਾ ਗਿਆ। ਕਤਲ ਦੀ ਤਰੀਕ 9 ਫਰਵਰੀ 1931 ਤੇ ਕਾਤਲ ਦਾ ਨਾਮ Marian Singh ਲਿਖਿਆ ਹੋਇਆ ਹੈ। ਇਹ ਨਾਂ ਠੀਕ ਨਹੀਂ ਜਾਪਦਾ।

13. 1931—ਸੰਤ ਰਾਮ ਪਾਂਡੇ ਕੈਲੇਫੋਰਨੀਆ ਯੂਨੀਵਰਸਿਟੀ ਦਾ ਵਿਦਿਆਰਥੀ ਸੀ ਜੋ ਗ਼ਦਰ ਪਾਰਟੀ ਦੇ ਉਲਟ ਰਪੋਰਟਾਂ ਦੇਂਦਾ ਸੀ, ਉਸ ਦੀ ਲਾਸ਼ 3 ਮਾਰਚ 1931 ਨੂੰ Cache Slough ਦੇ ਨੇੜੇ ਮਿਲੀ। ਉਸਦੀ ਲਾਸ਼, ਸਿਰ ਤੋਂ ਬਿਨਾਂ ਪੁਲਸ ਨੂੰ ਮਿਲੀ।

ਬਾਬਾ ਨਿਰੰਜਨ ਸਿੰਘ ਜੀ ਨੇ ਮਾਸਕੋ ਜਾਣ ਦਾ ਜ਼ਿਕਰ ਆਪਣੇ ਬਿਆਨਾਂ ਵਿਚ ਕੀਤਾ ਹੈ। ਕੁਝ ਹੋਰ ਹਾਲ ਬਾਬਾ ਜੀ ਦੇ ਪੋਤਰੇ ਜਗਜੀਤ ਸਿੰਘ ਢਿੱਲੋਂ ਦੇ ਬਿਆਨਾਂ ਵਿਚ ਆ ਜਾਂਦੇ ਹਨ। ਰੂਸ ਤੋਂ ਦੇਸ ਜਾਣ, ਦੇਸ ਰਹਿਕੇ ਕੰਮ ਕਰਨ ਤੇ ਅਖੀਰਲੇ ਦਿਨਾਂ ਵਿਚ ਆਪਣੇ ਪਰਵਾਰ ਪਾਸ ਕੈਨੇਡਾ ਆ ਜਾਣ ਦਾ ਜ਼ਿਕਰ ਵੀ ਇਨ੍ਹਾਂ ਲਿਖਤਾਂ ਵਿਚ ਆ ਜਾਂਦਾ ਹੈ।

ਬਾਬਾ ਨਿਰੰਜਨ ਸਿੰਘ ਜੀ ਮੋਢੀ ਗ਼ਦਰੀਆਂ ਵਿਚੋਂ ਸਨ। ਜਦ ਗ਼ਦਰ ਪਾਰਟੀ ਨੇ ਆਪਣਾ ਰੁਖ ਸੋਸ਼ਲਿਜ਼ਮ ਵਲ ਕਰ ਲਿਆ ਤਾਂ ਉਸ ਵੇਲੇ ਦੇ ਮੋਢੀਆਂ ਵਿਚ ਵੀ ਬਾਬਾ ਜੀ ਸ਼ਾਮਲ ਸਨ। ਇਸ ਤਰ੍ਹਾਂ ਬਾਬਾ ਜੀ ਨੇ ਗ਼ਦਰ ਲਹਿਰ ਦੀ ਅਗਵਾਈ ਵਿਚ ਪਹਿਲਾਂ ਕੈਨੇਡਾ ਤੋਂ ਦੇਸ ਜਾਕੇ, ਫਿਰ ਪਾਰਟੀ ਦੇ ਹੁਕਮ ਅਨੁਸਾਰ ਦੇਸੋਂ ਕੈਲੇਫੋਰਨੀਆ ਪਹੁੰਚਕੇ ਤੇ ਕੈਲੇਫੋਰਨੀਆ ਤੋਂ ਮਾਸਕੋ ਜਾ ਕੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਨਿਗਰ ਹਿਸਾ ਪਾਇਆ।

ਜਦ ਦੁਨੀਆਂ ਦੀ ਦੂਜੀ ਜੰਗ ਅਰੰਭ ਹੋਈ ਤਾਂ ਗ਼ਦਰ ਪਾਰਟੀ ਉਤੇ ਕਰੜੀ ਨਜ਼ਰ ਰੱਖਣ ਲਈ ਅਮਰੀਕਨ ਸਰਕਾਰ ਨੇ ਇਸ ਕੰਮ ਲਈ ਸੈਨਟ ਦੇ ਮੈਂਬਰਾਂ ਦੀ ਇਕ ਕਮੇਟੀ ਨਿਯਤ ਕੀਤੀ। ਇਸ ਕਮੇਟੀ ਨੇ ਆਪਣੀ ਰਪੋਰਟ 1953 ਵਿਚ ਛਾਪੀ। ਇਸ ਰਪੋਰਟ ਵਿਚ ਬਹੁਤ ਗਲਤ ਬਿਆਨੀਆਂ ਹਨ। ਕਿਉਂਕਿ ਇਸ ਰਪੋਰਟ ਦਾ ਬਾਬਾ ਨਿਰੰਜਨ ਸਿੰਘ ਜੀ ਤੇ ਗ਼ਦਰ ਪਾਰਟੀ ਨਾਲ ਸਿੱਧਾ ਸੰਬੰਧ ਹੈ ਇਸ ਲਈ ਇਸ ਰਪੋਰਟ ਦੇ ਕੁਝ ਹਿਸੇ ਹੂ-ਬਹੂ ਦਰਜ ਕੀਤੇ ਜਾਂਦੇ ਹਨ।

ਮੰਨਿਆ, ਪਿੰਡ ਦੀਆਂ ਰੁੱਤਾਂ ਉਤੇ, ਪੱਤਝੜ ਦਾ ਪਰਛਾਵਾਂ।
ਰੰਗ, ਖੁਸ਼ਬੋਆਂ ਪੀ, ਤੁਰ ਗਈਆਂ, ਵਿਹੁ-ਵਿਲਿੱਸੀਆਂ 'ਵਾਵਾਂ।
ਜੂਹ ਉਦਾਸੀ, ਰੁੱਸੀਆਂ ਗਲੀਆਂ, ਹਉਕੇ ਭਰਨ ਫਿਜ਼ਾਵਾਂ।
ਠੰਡੇ ਸੂਰਜ ਦੀ ਮਿੱਟੀ 'ਤੇ, ਡੁਸਕਣ ਬੈਠ ਸ਼ੁਆਵਾਂ।
ਕੌੜੀਆਂ, ਕਾਲੀਆਂ ਧੁੰਦਾਂ ਨੇ ਅੱਜ, ਮੱਲੀਆਂ ਸਾਡੀਆਂ ਰਾਹਵਾਂ।

Investment by Non-Resident Indians in Sick Industrial Units

Recognising the role which Non-Resident Indians can play in the industrial development of the country by way of providing foreign exchange, technology and their links with international market, Government have accorded several facilities and incentives to them for making investment in Indian Industry.

In order to further liberalise the existing facilities and at the same time encourage the NRIs to participate in the revival of Sick Units, Government have decided to permit NRI investment on repatriation basis in existing Sick Companies and have, accordingly, laid down the following guidelines:—

1. Bulk-investment by NRIs on private placement basis would be allowed in Sick Companies.

2. A company will be considered Sick only if a public financial institution or a consortium is already fromulating a plan for its rebabilitation/revival or the company is consistently showing losses for the last three years and the market price of the shares is below par for two years and the public financial institutions/banks are satisfied in this regard.

3. The bulk investment by the NRIs can be either in the from of sale of shares to them or by issue of fresh capital.

4. Investment on repatriation basis up to 100% of the equity capital of the company can be permitted provided a request is made by the Indian company and supported by a Special Resolution from the shareholders.

5. Repatriation of original capital brought into India for a Sick company will be permitted after a minimum period of five years. The clearance will be given on a case-by-case examination and the future payment liabilities would be specifically taken into account while processing these cases.

6. RBI will adopt normal procedures to satisfy itself that intending NRI investment are non-residents of Indian origin or corporate entities which are predominantly owned by NRIs.

.ਗਜ਼ਲ

ਮੇਵਾ ਸਿੰਘ ਗਿੱਲ

ਤੇਰੇ ਦਰ ਤੇ ਜੇ ਨਿਆਂ ਨਹੀਂ, ਕੁਝ ਮਿਹਰ ਤਾਂ ਜ਼ਰੂਰ ਹੈ,
ਮੇਰੇ ਸਬਰ ਨੂੰ ਸਜ਼ਾ ਨਾ ਦੇ, ਤੇਰੀ ਨਜ਼ਰ ਦਾ ਕਸੂਰ ਹੈ ।

ਤੇਰੀ ਕਨਖੀਆਂ ਦੀ ਝਾਕਨੀ, ਮੇਰੀ ਮੌਜ ਨਾ ਸਮਝ ਸਕੀ,
ਤੇਰਾ ਲੁੱਕ ਕੁ ਦੇਖਣਾ ਹੀ ਤਾਂ ਮੇਰੇ ਇਸ਼ਕ ਦਾ ਗਰੂਰ ਹੈ ।

ਤੇਰੇ ਦਰ ਤੇ ਪਹੁੰਚਣਾ ਮੇਰਾ ਕੁਝ ਨਗਜ਼ਸ਼ਾਂ ਦੀ ਕਾਰ ਸੀ,
ਵਰੁਨਾ ਤੇਰੇ ਦਰੋਂ ਮੇਰਾ ਪਹੇਲਾ ਪੜ੍ਹਾ ਵੀ ਦੂਰ ਹੈ ।

ਤੇਰੇ ਦਰ ਤੇ ਆ ਕੇ ਜ਼ਿੰਦਗੀ, ਇੱਕ ਵਾਜ ਤਰ੍ਹਾਂ ਸੁਣੀ,
ਅਜੇ ਜ਼ਿੰਦਗੀ ਉਹ ਪਾਂਧੀਆ, ਇੱਕ ਜ਼ਿੰਦਗੀ ਭਰ ਦੂਰ ਹੈ ।

ਗ਼ਮ ਜਲ ਕੇ ਨੂਰ ਹੋ ਗਿਆ, ਮੇਰਾ ਸਿਦਕ ਰੂਪ ਹੋ ਗਿਆ ।
ਮੇਰੀ ਹਰ ਨਜ਼ਰ ਹੈ ਬੰਦਗੀ, ਮੇਰੀ ਹਰ ਜਲਨ ਸਰੂਰ ਹੈ ।

ਮੇਰਾ ਸ਼ੁਕਰ ਕਰ ਐ ਜ਼ਿੰਦਗੀ, ਤੇਰਾ ਸਾਥ ਦੇ ਰਿਹਾ ਹਾਂ ਮੈਂ,
ਹਾਲਾਂ ਤੇਰੇ ਮੁਕਾਮ ਤੋਂ ਮੇਰਾ ਮੁਕਾਮ ਦੂਰ ਹੈ ।

ਐ ਅੰਤ ਤੂੰ ਭੀ ਦੋ ਕਦਮ ਮੇਰੀ ਪੀੜ ਵੱਲ ਨੂੰ ਆ ਜ਼ਰਾ,
ਤੇਰੇ ਪੈਂਡਿਆਂ ਤੇ ਟੁਰਦਿਆਂ ਮੇਰਾ ਅੰਗ ਅੰਗ ਚੂਰ ਹੈ ।

ਸਿੱਖ ਧਰਮ ਬੇਗੁਨਾਹਾਂ ਨੂੰ ਕਤਲ ਕਰਨ ਦੀ ਸਿਖਿਆ ਨਹੀਂ ਦਿੰਦਾ — ਹਰਭਜਨ ਸਿੰਘ ਸੰਘਾ

ਪ੍ਰਿੰਸਰੂਪਰਟ — ਪ੍ਰਿੰਸ ਰੂਪਰਟ ਦੇ ਇਕ ਮਾਨਯੋਗ ਗੁਰਸਿੱਖ ਸ੍ਰੀ ਹਰਭਜਨ ਸਿੰਘ ਸੰਘਾ ਨੇ ਪਿਛਲੇ ਦਿਨੀਂ ਪ੍ਰੋਵੈਂਸ ਅਖਬਾਰ ਨੂੰ ਇਕ ਪੱਤਰ ਲਿਖ ਕੇ ਕਿਹਾ ਹੈ ਕਿ ਸਿੱਖ ਧਰਮ ਇਹ ਸਿਖਿਆ ਨਹੀਂ ਦਿੰਦਾ ਕਿ ਬੇਗੁਨਾਹ ਲੋਕਾਂ ਦੇ ਬਿਨਾਂ ਮਤਲਬ ਕਤਲ ਕੀਤੇ ਜਾਣ। ਉਨ੍ਹਾਂ ਕਿਹਾ ਹੈ ਕਿ ਸਿਖ ਲੀਡਰ ਕੇਵਲ ਏਕਤਾ ਦੀਆਂ ਗੱਲਾਂ ਹੀ ਕਰਦੇ ਹਨ ਪ੍ਰੰਤੂ ਕਿਸੇ ਸਿੱਖ ਲੀਡਰ ਨੇ ਮੁੱਠੀ ਭਰ ਲੋਕਾਂ ਵੱਲੋਂ ਵੱਡੀ ਬਹੁਤ ਗਿਣਤੀ ਦੇ ਹਿੱਤਾਂ ਨੂੰ ਤਬਾਹ ਕਰਨ ਦੀਆਂ ਖਤਰਨਾਕ ਕਾਰਵਾਈਆਂ ਦੀ ਬਿਨਾਂ ਰੱਖ ਰਖਾ ਤੋਂ ਨਿਖੇਧੀ ਨਹੀਂ ਕੀਤੀ ਹੈ।

ਉਨ੍ਹਾਂ ਕਿਹਾ ਅਸੀਂ ਕੈਨੇਡਾ ਆਉਣ ਦੇ ਨਿਸ਼ਾਨਿਆਂ ਨੂੰ ਭੁੱਲ ਗਏ ਹਾਂ। ਜਨੂੰਨੀ ਲੋਕਾਂ ਦੀਆਂ ਕਾਰਵਾਈਆਂ ਨਾਲ ਨਾ ਕੇਵਲ ਸਾਡਾ ਹੀ ਸਗੋਂ ਸਾਡੇ ਬੱਚਿਆਂ ਦਾ ਭਵਿਖ ਵੀ ਬਰਬਾਦ ਹੋਵੇਗਾ। ਇਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਅਸੀਂ ਇਤਿਹਾਸ ਤੋਂ ਕੁਝ ਨਹੀਂ ਸਿਖਿਆ। ਸਾਨੂੰ 1914 ਦੇ ਕਾਮਾਗਾਟਾ ਮਾਰੂ ਦੇ ਵੈਨਕੂਵਰ ਵਿਚ ਵਾਪਰੇ ਸਾਕੇ ਵੱਲ ਪਿਠ ਨਹੀਂ ਭੁਆ ਲੈਣੀ ਚਾਹੀਦੀ।

ਉਨ੍ਹਾਂ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਸਾਨੂੰ ਖੁਦ ਹੀ ਆਪਣੀ ਕਮਿਊਨਿਟੀ ਨੂੰ ਲਹੂ ਲੁਹਾਣ ਤੇ ਤਬਾਹ ਕਰਨ ਤੋਂ ਰੁਕਣਾ ਚਾਹੀਦਾ ਹੈ। ਜੰਗਲੀ ਜਾਨਵਰਾਂ ਦੀ ਤਰ੍ਹਾਂ ਇਕ ਸਿੱਖ ਨੂੰ ਦੂਜੇ ਸਿੱਖ ਦਾ ਸ਼ਿਕਾਰ ਨਹੀਂ ਕਰਨਾ ਚਾਹੀਦਾ।

ਉਨ੍ਹਾਂ ਕਿਹਾ 1984 ਦਾ ਹਰਿਮੰਦਰ ਸਾਹਿਬ ਦਾ ਸਾਕਾ ਸਾਨੂੰ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਵੀ ਨਹੀਂ ਭੁੱਲੇਗਾ। ਇਤਿਹਾਸ ਸਾਡੇ ਸਭਿਅਕ ਅਮਲਾਂ ਨੂੰ ਪਰਖੇਗਾ। ਖੁਦਕਸ਼ੀ ਦਾ ਰਾਹ ਕੋਈ ਮਸਲਾ ਹਲ ਨਹੀਂ ਕਰਦਾ।

ਸ੍ਰੀ ਸੰਘਾ ਨੇ ਕਿਹਾ ਕਿ ਸਾਨੂੰ ਕੈਨੇਡੀਅਨ ਸਿੱਖਾਂ ਨੂੰ ਇਕੱਠੇ ਹੋ ਕੇ ਦ੍ਰਿੜਤਾ ਨਾਲ ਅਮਨ ਕਾਇਮ ਕਰਨ ਦਾ ਹੰਭਲਾ ਮਾਰਨਾ ਚਾਹੀਦਾ ਹੈ। ਸਾਨੂੰ ਅਜਿਹਾ ਨਿਰਭੈ ਹੋ ਕੇ, ਧਮਕੀਆਂ ਤੋਂ ਬੇਪਰਵਾਹ ਹੋ ਕੇ, ਬੇਇਜ਼ਤੀ ਜਾਂ ਹਿੰਸਾ ਤੋਂ ਉਚੇ ਉਠ ਕੇ ਕਰਨਾ ਚਾਹੀਦਾ ਹੈ।

---

0 ਲੋਕਾਂ ਨੇ ਪੈਸੇ ਨੂੰ ਭਗਵਾਨ ਬਣਾ ਲਿਆ ਤਾਂ ਅਸਲੀ ਭਗਵਾਨ ਕਿਥੇ ਗਿਆ?
—ਖੋਟਾ ਸਿੱਕਾ ਬਣ ਗਿਆ.

0 ਕਹਿੰਦੇ ਹਨ ਕਿ ਸ਼ਰਾਬ ਪੀਂਦੇ ਵੇਲੇ ਇਨਸਾਨ ਹਮੇਸ਼ਾਂ ਸੱਚ ਬੋਲਦਾ ਹੈ. ਪਰ ਜੇਕਰ ਸ਼ਰਾਬ ਵਿਚ ਮਿਲਾਵਟ ਹੋਵੇ ?
—ਤੇ ਮਿਲਾਵਟੀ ਸੱਚ ਬੋਲੇਗਾ.

Press Release

The Sikhs in Punjab (India) are passing through a painful and challenging ordeal, Their religious, political and social identity is at stake. Their holiest shrines have been desecrated and thousands of innocent men, women and children have been brutally massacred. This wilful annihilation of the sikhs is continuing unabated. The sikhs living in other parts of the world including Canada are naturally hurt with this miserable condition of their kith and kins and they have a moral and social right to express their concern to the outside world. But even a word of sympathy irritates the government of India, who, with its treacherous designs and unaccounted black money, is now managing, one way or the other, to brandish the entire sikh community living abroad as terrorists and their glorious and pious past and their present image is being damaged. The sikhs, being unable to combat this sinister propaganda with the meagre resources at their disposal, are watching all this as helpless spectators.

A meeting of the representatives of the Khalsa Diwan Societies of (i) New Westminster, (ii) Abbotsford, (iii) Vancouver and Guru Nanak Sikh Temple, Delta/Surrey which represent the sikhs in the lower mainland of British Columbia was held to-day to discuss this painful situation.

it is unanimously felt that, whereas the sikhs in Punjab are justified in fighting for a separate independent state - KHALISTAN - as the only solution thrust upon them to keep their religious and political identity alive and the sikhs living abroad do support their cause from the bottom of their hearts, we want to make it clear to the whole world that sikh faith does not at all preach any violence, much less terrorism. We pray and will continue to pray daily, in the name of Guru Nanak, for the universal peace, health, happiness and welfare of humanity as a whole. We stand for peaceful but respectable solution of every problem. We categorically condemn any such act in which violence is involved. We would like to assure the government of Canada that sikhs here are as loyal, faithful and law-abiding Canadians as anybody else, but their way of peaceful living and rich contribution to the development of Canada should not be ignored at the behest of the government of India's sinister propaganda to cover its black deeds. The possibility of the involvment of government of India, direct or indirect, in any evil act in which violence is involved should not at all be ruled out and the concerned authorities and media should always keep this in mind.

In the end we appeal to each and every sikh living abroad especially in Canada to refrain from being involved in any such act which may help the sinister designs of the government of India to tarnish their image in the eyes of the world. Let us take a pledge that, as Canadians, we will do everything within our powers to respect and obey the laws of the Canadian soil.


Jarnail S. Sandhu - President - Guru Nanak Sikh Temple, Delta/Surry

Mohinder S. Parmar - President - Khalsa Diwan Society, Abbotsford, B.C.

Gurnam S. Gill - President - Khalsa Diwan Society, New Westminster, B.C.

Joginder S. Sidhu - President - Khalsa Diwan Society, Vancouver, B.C.

ਕੈਨੇਡਾ ਅਤੇ ਕੈਨੇਡੀਅਨ ਲੋਕ



'ਸੂਫ਼ੀ' ਅਮਰਜੀਤ

ਪਹਿਲੀ ਜੁਲਾਈ ਦਾ ਦਿਨ 'ਕੈਨੇਡਾ-ਦਿਵਸ' ਦੇ ਤੌਰ ਉਪਰ ਸਾਰੇ ਕੈਨੇਡਾ ਵਿਚ ਮਨਾਇਆ ਜਾਂਦਾ ਹੈ, ਇਸ ਦਿਨ ਉਤੇ ਦੇਸ਼ ਭਰ ਵਿਚ ਆਮ ਛੁੱਟੀ ਵੀ ਹੁੰਦੀ ਹੈ। ਏਸੇ ਦਿਨ ਨੂੰ ਪਹਿਲਾਂ 'ਡੁਮੀਨੀਅਨ-ਡੇਅ' ਵੀ ਆਖਿਆ ਜਾਂਦਾ ਸੀ ਪ੍ਰੰਤੂ 'ਨਾਰਥ ਅਮਰੀਕਾ ਐਕਟ' ਇੰਗਲੈਂਡ ਤੋਂ ਵਾਪਸ ਲਿਆ ਕੇ, ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਟਰੂਡੋ ਨੇ ਉਸ ਨੂੰ 'ਕੈਨੇਡਾ ਦੇ ਸੰਵਿਧਾਨ' ਦਾ ਨਾਂ ਦੇ ਕੇ ਇੰਗਲੈਂਡ ਨਾਲੋਂ, ਪਹਿਲੇ ਅਰਧਬਸਤੀਵਾਦੀ ਸੰਬੰਧ 'ਕਿਸੇ ਹੱਦ ਤੱਕ' ਤੋੜ ਲਏ ਸਨ। ਸਿਵਾਏ ਮਲਕਾ ਐਲਿਜ਼ਬਿਥ ਨੂੰ ਰਾਜ ਦਾ ਮੁਖੀ ਰੱਖਣ ਤੋਂ, ਬਾਕੀ ਕਾਨੂੰਨੀ ਤੌਰ ਉਪਰ ਕੈਨੇਡਾ ਨੂੰ ਇੰਗਲੈਂਡ ਤੋਂ ਰਾਜਨੀਤਕ ਪੱਖੋਂ ਆਜ਼ਾਦ ਕਰਵਾ ਲਿਆ ਸੀ।

ਵਸੋਂ ਦੀ ਕੌਮੀ ਬਣਤਰ

ਕੈਨੇਡਾ, ਕਿਉਂ ਜੋ ਵਸੋਂ ਦੇ ਪੱਖੋਂ ਹੀ ਨਹੀਂ ਸਗੋਂ, ਰਾਜਸੀ ਤੇ ਆਰਥਕ ਪੱਖੋਂ ਅਤੇ ਇਤਿਹਾਸਕ ਪੱਖੋਂ ਫਰਾਂਸ ਅਤੇ ਇੰਗਲੈਂਡ ਦਾ ਅੰਗ ਰਿਹਾ ਹੈ, ਇਸਦੀ ਰਾਜ-ਸੱਤਾ ਬਰਤਾਨਵੀ ਅਤੇ ਫਰਾਂਸੀਸੀਆਂ ਦੇ ਹੱਥ ਰਹੀ ਹੈ, ਜਿੰਨ੍ਹਾਂ ਦੇ ਭਾਵਕ ਤੌਰ ਉਪਰ ਗੂਹੜੇ ਸੰਬੰਧ ਪਿਛੇ ਨਾਲ ਜੁੜੇ ਰਹੇ ਹਨ, ਦੇ ਮਨਾਂ ਵਿਚ ਇਸ 'ਰਸਮੀ' ਆਜ਼ਾਦੀ ਦਾ ਕੋਈ ਭਾਵਕ ਅਸਰ ਦੇਖਣ ਵਿਚ ਨਹੀਂ ਆਇਆ। ਇੰਗਲੈਂਡ ਦੇ ਪਿਛੋਕੜ ਵਾਲੇ ਲੋਕ ਤਾਂ ਸਗੋਂ ਵੱਡੀ ਗਿਣਤੀ ਵਿਚ ਉਸ ਨਾਲੋਂ 'ਆਜ਼ਾਦ' ਹੋਣ ਦੇ ਵਿਚਾਰ ਨੂੰ ਮੰਨਣ ਲਈ ਵੀ ਤਿਆਰ ਨਹੀਂ ਸਨ। ਬਾਕੀ ਵਸੋਂ ਦਾ ਵੱਡਾ ਹਿਸਾ ਪਹਿਲੀ ਜਾਂ ਦੂਜੀ ਪੀੜ੍ਹੀ ਤੋਂ ਵੱਖੋ ਵੱਖ ਦੇਸ਼ਾਂ ਤੋਂ ਆ ਕੇ ਏਥੇ ਵਸਿਆ ਹੈ, ਜਿਨ੍ਹਾਂ ਦਾ ਮੁਖ ਨਿਸ਼ਾਨਾ ਸਿਰਫ ਪੈਸੇ ਕਮਾਉਣਾ ਰਿਹਾ ਹੈ, ਉਨ੍ਹਾਂ ਨੇ ਏਥੋਂ ਦੀ ਰਾਜਨੀਤੀ ਨਾਲ ਅਤੇ ਦੇਸ਼ ਦੀਆਂ ਕੌਮੀ ਸਮੱਸਿਆਵਾਂ ਵੱਲ ਸਦਾ ਹੀ ਬੇਧਿਆਨੀ ਵਾਲਾ ਰੁਖ ਅਪਣਾਇਆ ਹੈ।

ਕੈਨੇਡਾ ਦੀ ਵਸੋਂ ਦਾ ਸਭ ਤੋਂ ਮਹੱਤਵਪੂਰਨ ਹਿਸਾ, ਜੋ ਇਸ ਧਰਤੀ ਉਪਰ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਹਨ, ਆਦੀਵਾਸੀ ਲੋਕ ਹਨ, ਜਿਨ੍ਹਾਂ ਨੂੰ ਨੇਟਿਵ-ਇੰਡੀਅਨ ਕਹਿੰਦੇ ਹਨ। ਉਹ ਇਸ ਵਿਸ਼ਾਲ ਦੇਸ਼ ਦੇ ਅਸਲੀ ਮਾਲਕ ਸਨ, ਜਿਨ੍ਹਾਂ ਤੋਂ ਬਸਤੀਵਾਦੀ ਫਰਾਂਸੀਸੀਆਂ ਤੇ ਬਰਤਾਨਵੀ ਹਾਕਮਾਂ ਨੇ ਇਹ ਦੇਸ਼ ਹਥਿਆ ਲਿਆ। ਉਨ੍ਹਾਂ ਦੇ ਯੂਰਪੀਅਨ ਸਭਿਆਚਾਰ ਦੇ ਮੁਕਾਬਲੇ ਘੱਟ ਵਿਕਸਤ ਹੋਣ ਤੋਂ ਲਾਭ ਉਠਾ ਕੇ ਉਨ੍ਹਾਂ ਨੂੰ ਸ਼ਰਾਬ ਆਦਿ ਨਸ਼ਿਆਂ ਦੇ ਹਵਾਲੇ ਕਰਕੇ ਅਤੇ ਵਿਦਿਆ ਤੋਂ ਕੋਰੇ ਰੱਖ ਕੇ, ਰੀਜ਼ਰਵ ਏਰੀਆਂ ਦੇ ਨਾਂ ਤੇ ਸੀਮਤ ਥਾਵਾਂ ਵਿਚ ਕੈਦ ਕਰਕੇ, ਉਨ੍ਹਾਂ ਦੇ ਹੌਂਸਲੇ, ਉਦਾਰਤਾ, ਸੁੰਤਰਤਾ ਅਤੇ ਸਭਿਆਚਾਰ ਉਪਰ ਬੇਰਹਿਮ ਹਮਲੇ ਕਰਕੇ ਉਨ੍ਹਾਂ ਨੂੰ ਭੈੜੀ ਕਿਸਮ ਦੀ ਗੁਰਬਤ ਅਤੇ ਗੁਲਾਮੀ ਦੀਆਂ ਜ਼ੰਜ਼ੀਰਾਂ ਵਿਚ ਬੰਨ ਦਿਤਾ। ਜੋ ਕਿ ਹਾਲੇ ਤੱਕ ਉਸੇ ਹਾਲਤ ਵਿਚ ਹਨ ਅਤੇ ਉਨ੍ਹਾਂ ਦੇ ਸਭਿਆਚਾਰਕ ਮਾਹੌਲ ਉਪਰ ਹਮਲੇ ਬਦਸਤੂਰ ਜਾਰੀ ਹਨ।

ਵਸੋਂ ਦਾ ਇਹ ਇਕ ਹਿਸਾ ਅਜਿਹਾ ਹੈ ਜੋ ਸਹੀ ਅਰਥਾਂ ਵਿਚ ਆਜ਼ਾਦੀ ਦੇ ਅਰਥ ਸਮਝਣ ਦੀ ਅਤੇ ਆਜ਼ਾਦੀ ਨੂੰ ਸੱਚੇ ਅਰਥਾਂ ਵਿਚ ਪ੍ਰਾਪਤ ਕਰਨ ਦੀ ਆਸ ਲਾਈ ਬੈਠਾ ਹੈ।

ਅਜੋਕੀ ਸਾਮਾਜੀ ਰਾਜ੍ਹੀ ਬਣਤਰ

ਅੱਜ ਦੇ ਸਮੇਂ ਵਿਚ ਕਿਸੇ ਸਮਾਜ ਨੂੰ ਦੇਖਣ ਦਾ ਵਿਗਿਆਨਕ ਢੰਗ ਇਹ ਨਹੀਂ ਕਿ ਇਸ ਵਿੱਚ ਕਾਲੇ, ਗੋਰੇ, ਭੂਰੇ ਜਾਂ ਮੰਗੋਲ ਨਸਲ ਦੇ ਕਿੰਨੇ ਲੋਕ ਰਹਿੰਦੇ ਹਨ। ਜਾਂ ਕਿਸੇ ਸਮਾਜ ਵਿਚ ਈਸਾਈ, ਮੁਸਲਮਾਨ, ਹਿੰਦੂ, ਸਿਖ ਜਾਂ ਜਹੂਦੀ ਕਿੰਨੇ ਹਨ। ਅਜ ਦੇ ਸਮਾਜ ਨੂੰ ਠੀਕ ਢੰਗ ਨਾਲ ਕੇਵਲ ਉਸ ਦੀ ਜਮਾਤੀ ਬਣਤਰ ਦੇ ਪੱਖੋਂ ਹੀ ਦੇਖਿਆ ਜਾ ਸਕਦਾ ਹੈ। ਕਿ ਸਮਾਜ ਵਿਚ ਰਾਜਸੱਤਾ ਕਿਸ ਜਮਾਤ ਦੀ ਕਿਸ ਪਾਰਟੀ ਦੇ ਹੱਥ ਹੈ।

ਕੈਨੇਡਾ ਦੀ ਰਾਜਸੱਤਾ ਏਥੋਂ ਦੀ ਸਰਮਾਏਦਾਰ ਜਮਾਤ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦੀ ਨੁਮਾਇੰਦਾ ਪਾਰਟੀਆਂ ਲਿਬਰਲ ਅਤੇ ਕੰਜ਼ਰਵੇਟਿਵ ਦੇ ਹੱਥ ਵਿਚ ਹੈ ਜੋ ਬਾਰੀ ਬਾਰੀ ਰਾਜ ਸੱਤਾ ਵਿਚ ਆਉਂਦੀਆਂ ਹਨ। ਐਨ. ਡੀ. ਪੀ. ਕਹਿਣ ਨੂੰ ਤਾਂ 'ਆਮ ਲੋਕਾਂ' ਦੀ ਪਾਰਟੀ ਕਹਾਉਂਦੀ ਹੈ ਪ੍ਰੰਤੂ ਸਹੀ ਅਰਥਾਂ ਵਿਚ ਇਹ ਕੈਨੇਡਾ ਦੀ ਕੌਮੀ ਸਰਮਾਏਦਾਰੀ ਦੀ, ਮਧ ਵਰਗ ਦੀ ਅਤੇ ਪ੍ਰੋਫੈਸ਼ਨਲਾਂ ਦੀ ਪ੍ਰਤੀਨਿਧ ਪਾਰਟੀ ਹੈ, ਜਿਸ ਦੀ ਜਕੜ ਯੂਨੀਅਨਾਂ ਦੀ ਨੌਕਰਸ਼ਾਹੀ ਉਪਰ ਅਤੇ ਲੀਡਰਸ਼ਿਪ ਵਿਚ ਹੋਣ ਕਾਰਨ, ਵੱਡੀ ਗਿਣਤੀ ਵਿਚ ਮਜ਼ਦੂਰਾਂ ਦੀ ਮਦਦ ਪ੍ਰਾਪਤ ਕਰਦੀ ਹੈ, ਜਦੋਂ ਕਿ ਸਹੀ ਅਰਥਾਂ ਵਿਚ ਉਹ ਮਜ਼ਦੂਰ ਜਮਾਤ ਦੀ ਪ੍ਰਤੀਨਿਧ ਪਾਰਟੀ ਨਹੀਂ ਹੈ। ਇਸ ਦਾ ਫੈਡਰਲ ਰਾਜ ਸੱਤਾ ਵਿਚ ਨਾ ਆ ਸਕਣ ਅਤੇ ਸੂਬਾਈ ਰਾਜ ਸੱਤਾ ਵਿਚ ਸਥਿਰ ਨਾ ਰਹਿ ਸਕਣ ਦਾ ਕਾਰਨ ਇਸ ਦੀ ਮੌਕਾਪ੍ਰਸਤਾਂ, ਗੈਰ ਸਥਾਈ ਅਤੇ ਕਿਸੇ ਠੋਸ ਪ੍ਰੋਗਰਾਮ ਤੋਂ ਸੱਖਣੀ ਰਾਜਨੀਤੀ ਹੈ। ਜਿਵੇਂ ਬੀ. ਸੀ. ਦਾ ਪਹਿਲਾ ਆਗੂ ਡੇਵ ਬੈਰਟ ਅਤੇ ਹੁਣ ਦਾ ਸਕੇਲੀ ਏਥੋਂ ਦੀ ਲੋਕ ਵਿਰੋਧੀ ਸੋਕਰਡ ਸਰਕਾਰ ਦੇ ਮੁਕਾਬਲੇ ਵਿਚ ਕੋਈ ਮੁਤਬਾਦਲ ਪਰੋਗਰਾਮ ਦੇਣ ਤੋਂ ਅਸਮਰਥ ਰਹੇ ਹਨ।

ਥੋੜ੍ਹੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਆਮ ਕੈਨੇਡੀਅਨ ਵਰਕਰ ਜਿਨ੍ਹਾਂ ਮੁਸ਼ਕਲਾਂ ਦੀ ਚੱਕੀ ਵਿਚ ਸਿਪ ਰਿਹਾ ਹੈ, ਜਿਵੇਂ ਮਾਰੂ ਬੇਰੁਜ਼ਗਾਰੀ, ਮਹਿੰਗਾਈ, ਸੋਸ਼ਲ ਪਰੋਗਰਾਮਾਂ ਦੀ ਲਗਾਤਾਰ ਕਟੌਤੀ, ਨਸਲੀ ਭੇਦ ਭਾਵ, ਸਕੂਲੀ ਬਜਟ ਵਿਚ ਕਟੌਤੀਆਂ, ਆਦਿ ਇਸ ਲਈ ਗਲ ਗਲ ਚੜ੍ਹੀਆਂ ਹਨ ਕਿਉਂਕਿ ਵਰਕਰਾਂ ਦੀ ਪ੍ਰਤੀਨਿਧ ਪਾਰਟੀ ਕਮਿਊਨਿਸਟ ਪਾਰਟੀ ਆਫ ਕੈਨੇਡਾ ਬਹੁਤ ਕਮਜ਼ੋਰ ਹੈ। ਵਰਕਰਾਂ ਨੂੰ ਆਪਦੀ ਪ੍ਰਤੀਨਿਧ ਪਾਰਟੀ ਦੀ ਪਛਾਣ ਇਸ ਲਈ ਨਹੀਂ ਕਿ ਉਸ ਦੇ ਵਿਚਾਰਾਂ ਨੂੰ ਉਨ੍ਹਾਂ ਤੱਕ ਪਹੁੰਚਣ ਲਈ ਟੀ. ਵੀ. ਅਖਬਾਰ, ਰੇਡੀਓ ਆਦਿ ਕੋਈ ਥਾਂ ਨਹੀਂ ਦਿੰਦੇ, ਕਿਉਂਕਿ ਇਨ੍ਹਾਂ ਉਪਰ ਹਾਕਮ ਜਮਾਤਾਂ ਦਾ ਕਬਜ਼ਾ ਹੈ।

ਹਾਕਮਾਂ ਦੇ ਪ੍ਰਚਾਰ ਸਾਧਨਾਂ ਦੁਆਰਾ ਹਰ ਇਕ ਵਿਅਕਤੀ ਅਮੀਰ ਬਣਨ ਦੀ ਦੌੜ ਵਿਚ ਲਾਇਆ ਹੋਇਆ ਹੈ। ਇਸ ਨਿਸ਼ਾਨੇ ਵਿਚ ਪੂਰੇ ਨਾ ਹੋਣ ਕਾਰਨ ਅਨੇਕਾਂ ਲੋਕ ਗਲਤ ਰਾਹੀਂ ਪੈ ਕੇ ਜੇਲ੍ਹਾਂ ਵਿਚ ਉਮਰਾਂ ਗੁਜ਼ਾਰ ਦਿੰਦੇ ਹਨ।

ਆਜ਼ਾਦ ਵਪਾਰ

ਮਿ: ਮਲਰੂਨੀ ਦੀ ਟੋਰੀ ਸਰਕਾਰ ਅਮਰੀਕਾ ਨਾਲ 'ਆਜ਼ਾਦ ਵਪਾਰ' ਦਾ ਸਮਝੌਤਾ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਹੀ ਨਹੀਂ ਲਾ ਰਹੇ, ਸਗੋਂ ਇਸ ਨੂੰ ਕੈਨੇਡਾ ਦੇ ਦੁਖਾਂ ਦੇ ਦਾਰੂ ਵਜੋਂ ਪੇਸ਼ ਕਰ ਰਹੇ ਹਨ। ਕਿ ਆਜ਼ਾਦ ਵਪਾਰ ਹੋਣ ਨਾਲ ਅਨੇਕਾਂ ਨਵੇਂ ਕੰਮ ਚਾਲੂ ਹੋ ਜਾਣਗੇ ਅਤੇ ਬੇਰੁਜ਼ਗਾਰਾਂ ਨੂੰ ਕੋਈ ਫਿਕਰ ਕਰਨ ਦੀ ਲੋੜ ਨਹੀਂ ਰਹੇਗੀ। ਇਹ ਸਭ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਉਹੋ ਜਿਹੀਆਂ ਗੱਲਾਂ ਹੀ ਹਨ ਜਿਵੇਂ ਕਿਹਾ ਜਾਂਦਾ ਸੀ ਕਿ ਐਕਸਪੋ ਦੇ ਨਾਲ ਹਜ਼ਾਰਾਂ ਬੰਦਿਆਂ ਨੂੰ ਕੰਮ ਮਿਲ ਜਾਣਗੇ। ਐਕਸਪੋ ਨੂੰ ਦੂਜਾ ਮਹੀਨਾ ਜਾ ਰਿਹਾ ਹੈ ਅਸੀਂ ਆਪਣੇ ਆਲੇ ਦੁਆਲੇ ਝਾਤੀ ਮਾਰਕੇ ਦੇਖ ਸਕਦੇ ਹਾਂ ਕਿੰਨੇ ਕੁ ਬੇਰੁਜ਼ਗਾਰ ਲੋਕਾਂ ਨੂੰ ਐਕਸਪੋ ਨੇ ਕੰਮਾਂ ਦੇ ਬੂਹੇ ਖੋਲੇ ਹਨ। ਇਹੋ ਹੀ ਨਤੀਜਾ ਆਜ਼ਾਦ ਵਪਾਰ ਕੱਢੇਗਾ, ਬਲਕਿ ਇਸ ਤੋਂ ਵੀ ਖਤਰਨਾਕ ਕਿਹਾ ਜਾ ਸਕਦਾ ਹੈ। ਕਿਉਂਕਿ ਅਮਰੀਕਾ ਵਿਚੋਂ ਸਸਤੇ ਮੁਲ ਦੇ ਮਾਲ ਨੇ ਅਨੇਕਾਂ ਕੈਨੇਡੀਅਨ ਕੰਪਨੀਆਂ ਨੂੰ ਫੇਲ ਕਰ ਦੇਣਾ ਹੈ ਅਤੇ ਹੋਰ ਅਨੇਕਾਂ ਨੂੰ ਜਿੰਨ੍ਹਾਂ ਦੇ ਹੈਡ ਆਫਸ ਅਤੇ ਮੁਖੀ ਕੰਪਨੀਆਂ ਅਮਰੀਕਾ ਵਿਚ ਹਨ, ਬੰਦ ਕਰ ਦਿਤੇ ਜਾਣਗੇ ਕਿਉਂਕਿ ਉਹ ਉਥੋਂ ਹੀ ਆਪਣਾ ਮਾਲ ਵਿਕਰੀ ਲਈ ਏਥੇ ਭੇਜਣ ਲਗ ਜਾਣਗੇ। ਇਸ ਤਰ੍ਹਾਂ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਹੋਰ ਵੱਡਾ ਵਾਧਾ ਹੋਵੇਗਾ।

ਆਜ਼ਾਦ-ਵਪਾਰ ਜਦੋਂ ਦੇਸ਼ ਦਾ ਆਰਥਕ ਆਧਾਰ ਖੋਰ ਦੇਵੇਗਾ ਤਾਂ ਦੇਸ਼ ਦੀ ਆਜ਼ਾਦੀ ਨੂੰ ਖੋਰਾ ਲੱਗਣਾ ਯਕੀਨੀ ਹੈ।

ਰੱਖਿਆ ਨੀਤੀ

ਜਿਵੇਂ ਕਿ ਸਾਨੂੰ ਪਤਾ ਹੈ ਕਿ ਕੈਨੇਡਾ ਖੇਤਰਫਲ ਦੇ ਹਿਸਾਬ ਨਾਲ ਸੋਵੀਅਤ ਯੂਨੀਅਨ ਤੋਂ ਮਗਰੋਂ ਦੂਜਾ ਦੇਸ਼ ਹੈ। ਜਿਸਦੀ ਆਬਾਦੀ ਢਾਈ ਕਰੋੜ ਹੈ। ਇਡੇ ਵੱਡੇ ਦੇਸ਼ ਦੀਆਂ ਹੱਦਾਂ ਦੀ ਰਾਖੀ ਕਰਨਾ ਰੱਖਿਆ ਫੌਜਾਂ ਦੇ ਬਸ ਦਾ ਰੋਗ ਨਹੀਂ ਹੈ। ਇਸ ਲਈ ਇਸ ਨੂੰ ਆਪਣੀ ਰਵਾਇਤੀ ਫੌਜ ਤੋਂ ਬਿਨਾਂ ਕਿਸੇ ਵੱਡੇ ਫੌਜੀ ਅਡੰਬਰ ਵਿਚ ਉਲਝਣਾ ਕਿਸੇ ਪੱਖੋਂ ਵੀ ਲਾਹੇਵੰਦਾ ਨਹੀਂ ਹੈ।

ਕੈਨੇਡਾ ਦੇ ਦੋ ਗੁਆਂਢੀ ਦੇਸ਼ ਹਨ, ਸੋਵੀਅਤ ਯੂਨੀਅਨ ਉਤਰ ਵਿਚ ਅਤੇ ਸੰਯੁਕਤ ਰਾਜ ਅਮਰੀਕਾ ਦੱਖਣ ਵਿਚ। ਕੈਨੇਡਾ ਕਿਸੇ ਲੜਾਈ ਦੀ ਦਸ਼ਾ ਵਿਚ ਆਪਣਾ ਬਚਾਓ ਨਹੀਂ ਕਰ ਸਕਦਾ, ਜਦੋਂ ਕਿ ਅਜ ਯੁਗ ਪਹਿਲੀ ਤਰ੍ਹਾਂ ਦੀਆਂ ਲੜਾਈਆਂ ਦਾ ਨਹੀਂ ਸਗੋਂ ਐਟਮੀ ਹਥਿਆਰ ਦਾ ਯੁਗ ਹੈ। ਅਜਿਹੀ ਹਾਲਤ ਵਿਚ ਅੱਜ ਤੋਂ ਦਸ ਸਾਲ ਪਹਿਲਾਂ ਵਾਲੀ ਕੈਨੇਡਾ ਦੀ ਰੱਖਿਆ ਨੀਤੀ ਹੀ ਹੋਰ ਸੋਧ ਕੇ ਲਾਗੂ ਕਰਨੀ ਕੈਨੇਡਾ ਦੇ ਲੋਕਾਂ ਦੇ ਹਿੱਤਾਂ ਦੀ ਪੂਰਤੀ ਕਰ ਸਕਦੀ ਹੈ।

ਉਹ ਰੱਖਿਆ ਨੀਤੀ ਕੀ ਹੋ ਸਕਦੀ ਹੈ? **ਉਹ ਇਹ ਕਿ ਕੈਨੇਡਾ ਨੂੰ ਨੋਰਾਡ ਅਤੇ ਨਾਟੋ ਦੀਆਂ ਫੌਜੀ ਸੰਧੀਆਂ ਵਿਚੋਂ ਬਾਹਰ ਆ ਜਾਣਾ ਚਾਹੀਦਾ ਹੈ। ਕੈਨੇਡਾ ਨੂੰ ਗੈਰ ਜਾਨਵਦਾਰ ਅਤੇ ਐਟਮੀ ਹਥਿਆਰਾਂ ਤੋਂ ਮੁਕਤ ਅਮਨ ਦਾ ਦੇਸ਼ ਐਲਾਨ ਕਰਨਾ ਚਾਹੀਦਾ ਹੈ।** ਕਈ ਬਿਲੀਅਨ ਡਾਲਰਾਂ ਦੇ ਹਰ ਸਾਲ ਨਵੀਂ ਕਿਸਮ ਦੇ 20 ਜਾਂ 25 ਜਹਾਜ਼ ਅਮਰੀਕਾ ਤੋਂ ਖਰੀਦਣ ਨਾਲ ਅਸੀਂ ਆਪਣੀ ਰੱਖਿਆ ਨਹੀਂ ਕਰ ਸਕਦੇ। ਦੂਸਰੇ ਅਮਰੀਕਾ ਨੂੰ ਹਰ ਸਾਲ 20-30 ਬਿਲੀਅਨ ਡਾਲਰ ਜੋ ਰਾਖੀ ਲਈ ਉਂਝ ਹੀ ਚੈਕ ਕੱਟ ਕੇ ਦਿੱਤੀ ਜਾਂਦੀ ਹੈ, ਉਹ ਬੰਦ ਕਰਨੀ ਚਾਹੀਦੀ ਹੈ।

ਸਾਡੇ ਟੈਕਸਾਂ ਦੀ ਇਸ ਵੱਡੀ ਰਾਸ਼ੀ ਨੂੰ ਖੂਹ ਵਿਚ ਵਿਅਰਥ ਸੁਟਣ ਦੀ ਥਾਵੇਂ ਲੋਕਾਂ ਲਈ ਸੋਸ਼ਲ ਪ੍ਰੋਗਰਾਮਾਂ ਉਪਰ ਵਿਦਿਆ ਉਪਰ ਜਾਂ ਮੈਡੀਕਲ ਉਪਰ ਖਰਚ ਕਰਨਾ ਚਾਹੀਦਾ ਹੈ।

ਕੈਨੇਡਾ ਨੂੰ ਜਦੋਂ ਵੀ ਫੌਜੀ ਹਮਲੇ ਦਾ ਸਾਹਮਣਾ ਕਰਨਾ ਪਿਆ ਤਾਂ ਉਹ ਅਮਰੀਕਾ ਤੋਂ ਹੀ ਉਸ ਸਮੇਂ ਪਵੇਗਾ ਜਦੋਂ ਏਥੇ ਲੋਕ-ਪੱਖੀ ਸਰਕਾਰ ਬਣੀ ਜਿਸ ਨੇ ਸਾਰੀਆਂ ਬੈਂਕਾਂ, ਸਾਰੀਆਂ ਵੱਡੀਆਂ ਕਾਰਪੋਰੇਸ਼ਨਾਂ, ਬਦੇਸ਼ੀ ਵਪਾਰ ਅਤੇ ਹੋਰ ਪ੍ਰਾਈਵੇਟ ਆਦਾਰੇ ਕੌਮੀ ਕਰ ਦਿੱਤੇ। ਇਸ ਲਈ ਲੋਕ ਪੱਖੀ ਰੱਖਿਆ ਨੀਤੀ ਧਾਰਨ ਕਰਨ ਦੀ ਲੋੜ ਹੈ।

ਅਮਨ ਲਹਿਰ

ਕੈਨੇਡਾ ਦੇ ਲੋਕਾਂ ਦੀ ਇਹ ਤੀਬਰ ਇੱਛਾ ਹੈ ਕਿ ਕੈਨੇਡਾ ਨੂੰ ਨਿਊਜ਼ੀਲੈਂਡ ਵਾਂਗ ਐਟਮੀ ਹਥਿਆਰਾਂ ਤੋਂ ਮੁਕਤ ਦੇਸ਼ ਕਰਾਰ ਦਿਤਾ ਜਾਵੇ। ਕੈਨੇਡਾ ਦੀਆਂ ਵੈਨਕੂਵਰ ਸਮੇਤ ਅਨੇਕਾਂ ਮਿਊਂਸਪਲ ਚੋਣਾਂ ਵਿਚ ਲੋਕਾਂ ਆਪੋ ਆਪਣੇ ਸ਼ਹਿਰਾਂ ਨੂੰ 'ਅਮਨ-ਜ਼ੋਨ' ਐਲਾਨ ਦਿਤਾ ਹੈ। ਪਿਛੇ ਜਿਹੇ ਹੋਈਆਂ ਮੈਨੀਟੋਬਾ ਦੀਆਂ ਸੂਬਾਈ ਚੋਣਾਂ ਵਿਚ ਵੀ ਮੈਨੀਟੋਬਾ ਦੇ ਸੂਬੇ ਨੂੰ 'ਅਮਨ-ਜ਼ੋਨ' ਐਲਾਨ ਦਿਤਾ ਹੈ।

ਲੋਕਾਂ ਦੀ ਇਸ ਇਛਾ ਦੀ ਤਰਜਮਾਨੀ ਤਦ ਹੀ ਹੋ ਸਕਦੀ ਹੈ ਜੇਕਰ ਮਲਰੂਨੀ ਸਰਕਾਰ ਕੈਨੇਡਾ ਦੇ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਕੈਨੇਡਾ ਦੇ 'ਅਮਨ ਦੇਸ਼' ਵਜੋਂ ਹੋਣ ਦਾ ਐਲਾਨ ਕਰੇ।

ਲੰਘੇ ਅਪ੍ਰੈਲ ਵਿਚ ਜਦੋਂ ਵੈਨਕੂਵਰ ਆਪਣੇ ਜਨਮ ਦੀ ਸੌਵੀਂ ਬਰਸੀ ਮਨਾ ਰਿਹਾ ਸੀ, ਤਾਂ ਨਾਲ ਹੀ ਇਸ ਸ਼ਤਾਬਦੀ ਨੂੰ ਅਮਨ ਤਿਉਹਾਰ ਵਜੋਂ ਵੀ ਮਨਾਇਆ ਗਿਆ। ਦੁਨੀਆਂ ਭਰ ਦੇ ਅਮਨ ਦੇ ਚਾਹਵਾਨਾਂ ਨੇ ਤਿੰਨ ਦਿਨ 'ਅਮਨ ਸੰਪੋਜ਼ੀਅਮ' ਵਿਚ ਭਾਸ਼ਨ ਦਿਤੇ। ਪ੍ਰੰਤੂ ਅਮਰੀਕੀ ਨੇਵੀ ਦੇ ਐਟਮੀ ਸ਼ਿਪ ਵੈਨਕੂਵਰ ਦੀ ਬੰਦਰਗਾਹ ਉਪਰ ਹਫਤਾ ਭਰ ਲਈ ਆਪਣੀ ਜੰਗੀ ਧੌਂਸ ਦਾ ਵਿਖਾਵਾ ਕਰਨ ਲਈ ਮਲਰੂਨੀ-ਸਰਕਾਰ ਦੇ ਪ੍ਰਾਹੁਣਿਆਂ ਵਜੋਂ ਖਲੋਤੇ ਰਹੇ। ਇਹ ਇਕ ਅਪਰਾਧੀ ਕਾਰਨਾਮਾ ਸੀ। ਜਿਸ ਦੀ ਹਰ ਅਮਨ ਪਸੰਦ ਨੇ ਨਿਖੇਧੀ ਕੀਤੀ।

ਕੈਨੇਡੀਅਨ ਲੋਕਾਂ ਵਿਚ ਦਿਨੋਂ ਦਿਨ ਅਮਨ ਲਈ ਵਧ ਰਿਹਾ ਉਤਸ਼ਾਹ ਚੰਗੇ ਭਵਿਖ ਦਾ ਚਿੰਨ੍ਹ ਹੈ।

ਟਰੇਡ ਯੂਨੀਅਨ ਲਹਿਰ

ਕੈਨੇਡਾ ਵਿਚ ਸਿਰਫ 40ਫੀਸਦੀ ਕਾਮੇਂ ਹੀ ਟਰੇਡ ਯੂਨੀਅਨ ਵਿਚ ਲਾਮਬੰਦ ਹਨ, ਬਾਕੀ 60 ਫੀਸਦੀ ਇਸ ਦੇ ਘੇਰੇ ਤੋਂ ਬਾਹਰ ਹਨ। ਜਿਵੇਂ ਜਿਵੇਂ ਹੋਰ ਹੋਰ ਲੋਕ ਬੇਰੁਜ਼ਗਾਰੀ ਦਾ ਸ਼ਿਕਾਰ ਹੋ ਰਹੇ ਹਨ। ਕੰਪਨੀਆਂ ਦੀ ਵਧੇਰੇ ਮੁਨਾਫਿਆਂ ਦੀ ਲਾਲਸਾ ਵਧ ਰਹੀ ਹੈ। ਉਹ ਨਵੀਂ ਟੈਕਨਾਲੋਜੀ ਨੂੰ ਲਾਗੂ ਕਰਕੇ ਪੈਦਾਵਾਰ ਵਿਚ ਵਾਧਾ ਵੀ ਕਰ ਰਹੇ ਹਨ ਅਤੇ ਪਰ ਕੰਪਨੀਆਂ ਵਿਚ ਕਾਮਿਆਂ ਦੀ ਗਿਣਤੀ ਘਟਾ ਰਹੇ ਹਨ ਤਾਂ ਜੋ ਹੋਰ ਮੁਨਾਫਾ ਵਧਾਇਆ ਜਾ ਸਕੇ।

ਪਰ ਕੰਪਨੀਆਂ ਦੇ ਮਾਲਕ ਪੂੰਜੀਪਤੀ ਇਹ ਦੇਖਣ ਤੋਂ ਅਸਮਰਥ ਹਨ ਕਿ ਉਹ ਜਿਥੇ ਆਪਣੇ ਮੁਨਾਫਿਆਂ ਦੇ ਲਈ ਇਕ ਗੈਰ ਮਨੁੱਖੀ ਸਮਾਜੀ ਅਪਰਾਧ ਕਰ ਰਹੇ ਹਨ ਉਥੇ ਉਸ ਤਰ੍ਹਾਂ ਬਹੁਤਾ ਚਿਰ ਕਰਦੇ ਨਹੀਂ ਰਹਿ ਸਕਦੇ। ਉੜਕ ਬੇਰੁਜ਼ਗਾਰਾਂ ਦੀ ਫੌਜ ਨੇ ਆਪਣੀ ਬੇਰੁਜ਼ਗਾਰੀ ਅਤੇ ਮੰਦੀ ਸਮਾਜੀ ਹਾਲਤ ਦਾ ਕਾਰਨ ਵੀ ਸਮਝਣਾ ਹੈ ਤੇ ਵੈਨਕੂਵਰ ਦੀ ਸੌਲੇਡੈਰਟੀ-ਓਪਰੇਸ਼ਨ ਵਰਗੀ ਲਹਿਰ ਵੀ ਬਣਨਾ ਹੈ, ਜਿਸ ਨੂੰ ਕੁਝ ਖੁਦਗਰਜ਼ ਯੂਨੀਅਨ ਆਗੂ ਦਗਾ ਦੇ ਗਏ ਸਨ। ਅਜਿਹਾ ਕੁਝ ਕਈ ਬਾਰ ਹੋਵੇਗਾ, ਹਰ ਬਾਰ ਲੋਕ ਸਿਖਣਗੇ। ਸਾਨੂੰ ਨਿਊਫਾਉਂਡਲੈਂਡ ਦੇ ਸਰਕਾਰੀ ਮੁਲਾਜ਼ਮਾਂ ਦਾ ਸੰਘਰਸ਼ ਜਿਸ ਨੂੰ ਓਥੋਂ ਦੀ ਕੁਲ

ਬਾਕੀ ਪੰਨਾ 11 'ਤੇ

ਗੁਰੀਲੇ ਸਰਗਰਮ

ਸਾਨ ਸਲਵਾਡੋਰ — ਬਗਾਵਤੀ ਗੁਰੀਲਿਆਂ ਨੇ ਸਲਵਾਡੋਰ ਦੇ ਇਕ ਨਗਰ ਤੇ ਹਮਲਾ ਕਰਕੇ ਚਾਰ ਸਰਕਾਰੀ ਫੌਜੀ ਮਾਰ ਦਿਤੇ ਤੇ ਚਾਲੀ ਜ਼ਖਮੀ ਕੀਤੇ। ਸਲਵਾਡੋਰ ਦੇ ਗੁਰੀਲਿਆਂ ਦੁਆਰਾ ਇਹ ਹਮਲਾ ਸਾਨ ਮਾਈਗਲ ਸ਼ਹਿਰ ਜੋ ਕਿ ਇਸ ਮੁਲਕ ਦਾ ਤੀਜਾ ਵੱਡਾ ਸ਼ਹਿਰ ਹੈ ਤੇ ਕੀਤਾ ਗਿਆ ਤੇ ਇਹ ਇਸ ਸਾਲ ਵਿਚ ਗੁਰੀਲਿਆਂ ਦੁਆਰਾ ਕੀਤਾ ਸਭ ਤੋਂ ਵੱਡਾ ਹਮਲਾ ਸੀ।

ਇਹ ਗੁਰੀਲੇ ਸਲਵਾਡੋਰ ਦੀ ਅਮਰੀਕਾ ਪੱਖੀ ਸਰਕਾਰ ਦੇ ਖਿਲਾਫ ਲੜ ਰਹੇ ਹਨ। ਸਲਵਾਡੋਰ ਜੋ ਮੱਧ ਅਮਰੀਕਾ ਦਾ ਇਕ ਨਿੱਕਾ ਗਰੀਬ ਦੇਸ਼ ਹੈ ਅਮਰੀਕੀ ਲੁੱਟ ਤੋਂ ਆਜ਼ਾਦ ਹੋਣਾ ਚਾਹੁੰਦਾ ਹੈ।

ਪੰਨਾ 10 ਦੀ ਬਾਕੀ

ਟਰੇਡ ਯੂਨੀਅਨ ਲਹਿਰ ਦੀ ਹਮਾਇਤ ਹਾਸਲ ਸੀ ਅਤੇ ਐਡਮਿੰਟਨ ਦੇ ਗੇਨਰਜ਼-ਮੀਟ ਪੈਕਿੰਗ ਪਲਾਂਟ ਦੇ ਬਹਾਦਰ ਮਜ਼ਦੂਰਾਂ ਦਾ ਸੰਘਰਸ਼ ਇਹ ਯਾਦ ਦਵਾਉਂਦਾ ਹੈ ਕਿ ਤਕੜੀ ਟਰੇਡ ਯੂਨੀਅਨ ਲਹਿਰ ਰਾਜਨੀਤਕ ਸੂਝ ਨੂੰ ਪੈਦਾ ਕਰਦੀ ਹੈ। ਰਾਜਨੀਤਕ ਸੂਝ ਤੋਂ ਸੱਖਣੀ ਟਰੇਡ ਯੂਨੀਅਨ ਲਹਿਰ ਸ਼ਕਤੀਸ਼ਾਲੀ ਅਤੇ ਚੇਤੰਨ ਨਹੀਂ ਹੋ ਸਕਦੀ। ਸਗੋਂ ਉਸ ਨੂੰ ਮੌਕਾਪ੍ਰਸਤ ਆਗੂ ਕਦੀ ਵੀ ਧੋਖਾ ਦੇ ਸਕਦੇ ਹਨ।

ਕੈਨੇਡਾ ਦਿਵਸ ਉਪਰ ਕੈਨੇਡਾ ਦੇ ਮਜ਼ਦੂਰਾਂ ਨੂੰ ਖਾਸ ਕਰਕੇ ਭਾਰਤੀ ਮਜ਼ਦੂਰਾਂ ਨੂੰ ਜੋ ਲੱਕੜੀ ਮਿਲਾਂ, ਖੇਤਾਂ, ਰੈਸਟੋਰੈਂਟਾਂ ਜਾਂ ਹੋਰ ਥਾਵਾਂ ਉਪਰ ਕੰਮ ਕਰਦੇ ਹਨ, ਆਪੋ ਆਪਣੀਆਂ ਯੂਨੀਅਨ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦਾ ਪ੍ਰਣ ਕਰਨਾ ਚਾਹੀਦਾ ਹੈ। ਮੀਟਿੰਗਾਂ ਵਿਚ ਜਾਣਾ ਚਾਹੀਦਾ ਹੈ। ਬਹਿਸਾਂ ਵਿਚ ਹਿੱਸਾ ਲੈਣਾ ਚਾਹੀਦਾ ਹੈ। ਲੀਡਰਾਂ ਨੂੰ ਸਵਾਲ ਪੁਛਣੇ ਚਾਹੀਦੇ ਹਨ, ਨਾ ਕਿ ਸਿਰਫ ਤਨਖਾਹ ਵਿਚੋਂ ਯੂਨੀਅਨ ਫੰਡ ਕਟਾਉਣ ਤੱਕ ਜਾਂ ਨਿਕੀ ਮੋਟੀ ਨਿਜੀ ਮੁਫਾਦ ਵਾਲੀ ਗੱਲ ਪੁਛਣ ਤਕ ਹੀ ਰਹਿਣਾ ਚਾਹੀਦਾ ਹੈ।

ਮਜ਼ਬੂਤ ਟਰੇਡ ਯੂਨੀਅਨ ਲਹਿਰ ਜਾਨਦਾਰ ਜਮਹੂਰੀ ਕੈਨੇਡਾ ਨੂੰ ਜਨਮ ਦੇਵੇਗੀ। ਅਤੇ ਸਾਡੇ ਆਪਣੇ ਜੀਵਨ ਉਪਰ ਅਤੇ ਆਉਣ ਵਾਲੀਆਂ ਨਸਲਾਂ ਉਪਰ ਵੀ ਅਰਥ ਭਰਪੂਰ ਅਸਰ ਪਾਵੇਗੀ।

ਸਾਨੂੰ ਕੈਨੇਡਾ ਦਾ ਦਿਵਸ ਮਨਾਉਣ ਦਾ ਨਵੇਕਲਾ ਢੰਗ ਅਪਨਾਉਣਾ ਚਾਹੀਦਾ ਹੈ। ਉਪਰੋਕਤ ਦਿਤੇ ਵਿਚਾਰਾਂ ਉਪਰ ਅਤੇ ਹੋਰ ਕੈਨੇਡਾ ਨਾਲ ਸਬੰਧਤ ਮਸਲਿਆਂ ਉਪਰ ਵਿਚਾਰ ਵਟਾਂਦਰੇ ਆਪਣੇ ਦੋਸਤਾਂ ਨਾਲ ਅਤੇ ਪਰਵਾਰਾਂ ਵਿਚ ਕਰਨੇ ਚਾਹੀਦੇ ਹਨ। ਜਿਨ੍ਹਾਂ ਵਿਚ ਕੈਨੇਡਾ ਦੀ ਸਰਕਾਰ ਦੇ 'ਸਟਾਰ ਵਾਰ' ਪ੍ਰਤੀ ਝੁਕਾਵਾਂ ਉਪਰ, ਦੱਖਣੀ ਅਫਰੀਕਾ ਵਿਰੁਧ ਆਰਥਕ ਪਾਬੰਦੀਆਂ ਲਾਉਣ ਸੰਬੰਧੀ ਕੈਨੇਡਾ ਵਿਚ ਵਧ ਰਹੀਆਂ ਦਹਿਸ਼ਤਪਸੰਦੀ ਦੀ ਕਾਰਵਾਈਆਂ ਨੂੰ ਰੋਕਣ ਲਈ ਸਰਕਾਰ ਦੀ ਅਣਗਹਿਲੀ ਵਾਲੀ ਪਾਲਸੀ ਬਾਰੇ, ਸਾਡੀ ਆਪਣੀ ਭਾਰਤੀ ਕਮਿਊਨਿਟੀ ਵਿਚ ਕੁਝ ਬੰਦਿਆਂ ਦੀਆਂ ਕਾਰਵਾਈਆਂ ਕਾਰਨ ਪੈਂਦੇ ਪ੍ਰਭਾਵਾਂ ਸੰਬੰਧੀ, ਬੱਚਿਆਂ ਦੀ ਸਕੂਲੀ ਪੜ੍ਹਾਈ ਦੇ ਡਿਗ ਰਹੇ ਪੱਧਰ, ਮਿਊਂਸਪਲ ਅਤੇ ਸੂਬਾਈ ਚੋਣਾਂ ਸੰਬੰਧੀ ਵਿਚਾਰਾਂ ਕੀਤੀਆਂ ਜਾ ਸਕਦੀਆਂ ਹਨ।

ਸ. ਸ. ਬਰਨਾਲਾ ਵਲੋਂ ਨਵੇਂ ਬਣਾਏ ਡਿਸਾਈ ਕਮਿਸ਼ਨ ਨੂੰ ਰੱਦ ਕਰ ਦਿੱਤਾ ਗਿਆ

ਚੰਡੀਗੜ੍ਹ — ਪਤਾ ਲੱਗਾ ਹੈ ਕੇਂਦਰੀ ਸਰਕਾਰ ਵਲੋਂ ਚੰਡੀਗੜ੍ਹ ਦੇ ਬਦਲੇ ਵਿਚ ਹਰਿਆਣੇ ਨੂੰ ਜੋ ਜ਼ਮੀਨ ਦਿੱਤੀ ਜਾਣੀ ਸੀ ਉਸ ਦਾ ਫੈਸਲਾ ਕਰਨ ਲਈ ਜਿਸ ਡਿਸਾਈ ਕਮਿਸ਼ਨ ਦਾ ਐਲਾਨ ਕੀਤਾ ਗਿਆ ਸੀ ਪੰਜਾਬ ਦੇ ਮੁਖ ਮੰਤਰੀ ਨੇ ਉਸ ਨੂੰ ਰੱਦ ਕਰ ਦਿਤਾ ਹੈ। ਯਾਦ ਰਹੇ ਵੈਂਕਟਰਮਈਆ ਕਮਿਸ਼ਨ ਨੇ ਪਹਿਲਾਂ 15000 ਏਕੜ ਜ਼ਮੀਨ ਤਜਵੀਜ਼ ਕੀਤੀ ਸੀ ਜੋ ਕਿ ਬਾਅਦ ਵਿਚ 70000 ਏਕੜ ਕਰ ਦਿਤੀ ਗਈ ਸੀ। ਪੰਜਾਬ ਦੇ ਲੋਕਾਂ ਵਿਚ ਕੇਂਦਰ ਦੀ ਚੰਡੀਗੜ੍ਹ ਬਾਰੇ ਲਮਕਾਊ ਨੀਤੀ ਬਾਰੇ ਭਾਰੀ ਗੁੱਸਾ ਪਾਇਆ ਜਾਂਦਾ ਹੈ। ਇਹ ਵੀ ਪਤਾ ਲਗਾ ਹੈ ਕਿ ਮੁਖ ਮੰਤਰੀ ਵਲੋਂ ਡਿਸਾਈ ਕਮਿਸ਼ਨ ਨੂੰ ਰੱਦ ਕਰਨ ਦੇ ਐਲਾਨ ਦਾ ਸਾਬਕਾ ਮੁਖ ਮੰਤਰੀ ਬਾਦਲ ਨੇ ਸਮਰਥਨ ਕੀਤਾ ਹੈ। ਰਾਜਸੀ ਹਲਕਿਆਂ ਵਿਚ ਇਹ ਬਾਦਲ ਵਲੋਂ ਬਰਨਾਲਾ ਅੱਗੇ ਝੁਕ ਜਾਣ ਦੇ ਸੰਕੇਤ ਵਜੋਂ ਲਿਆ ਜਾ ਰਿਹਾ ਹੈ।

ਸੋਵੀਅਤ ਵਲੋਂ ਅਮਰੀਕਾ ਨੂੰ ਚਿਤਾਵਨੀ

ਜਨੇਵਾ — ਇਕ ਖਬਰ ਅਨੁਸਾਰ ਕਲ੍ਹ ਸੋਵੀਅਤ ਦੇਸ ਨੇ ਅਮਰੀਕਾ ਨੂੰ ਸਖਤ ਸ਼ਬਦਾਂ ਵਿਚ ਕਿਹਾ ਹੈ ਕਿ ਜੇ ਉਹ ਪ੍ਰਮਾਣੂ ਹਥਿਆਰਾਂ ਬਾਰੇ ਉਚ ਪੱਧਰੀ ਗਲਬਾਤ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਇਹ ਸੰਜੀਦਗੀ ਨਾਲ ਕਰਨੀ ਚਾਹੀਦੀ ਹੈ।

ਪਿਛਲੇ ਦਿਨੀਂ ਸੋਵੀਅਤ ਉਪ ਵਿਦੇਸ਼ ਮੰਤਰੀ ਵਲਾਦੀਮੀਰ ਪੇਤਰੋਵਸਕੀ ਨੇ ਕਿਹਾ ਕਿ ਦੂਜੇ ਦੌਰ ਦੀ ਉਚ ਪੱਧਰੀ ਗਲਬਾਤ ਲਈ ਸੋਵੀਅਤ ਲੀਡਰ ਗੋਰਵਾਚੋਫ ਪੂਰੀ ਤਰ੍ਹਾਂ ਤਿਆਰ ਹਨ। ਪਰ ਇਹ ਤਾਂ ਹੀ ਹੋ ਸਕਦੀ ਹੈ ਜੇ ਹਥਿਆਰਾਂ ਦੀ ਰੋਕ ਲਈ ਗਲ ਅਗੇ ਵਧੇ। ਪੇਤਰੋਵਸਕੀ ਨੇ ਕਿਹਾ ਕਿ ਜਦੋਂ ਤੋਂ ਇਹ ਦੋ ਧਿਰੀ ਗਲਬਾਤ ਸ਼ੁਰੂ ਹੋਈ ਹੈ ਅਮਰੀਕਨਾਂ ਨੇ ਕੋਈ ਠੋਸ ਗਲਬਾਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਿਸ ਨਾਲ ਹਥਿਆਰਾਂ ਦੀ ਦੌੜ ਨੂੰ ਰੋਕਣ ਲਈ ਕਦਮ ਚੁਕੇ ਗਏ ਹੋਣ।

WELCOME TO INDIA!

The Pacific Science Center Invites You To A Feast Of The Senses

The Pacific Science Center opens it's doors to the Press for a special preview of "INDIA: A FESTIVAL OF SCIENCE," on JULY 1, 1986, Tuesday, from 10:00 a.m. to noon.

- WATCH ARTISANS FROM INDIA CREATE MUSICAL INSTRUMENTS, CAST BRONZE, EMBROIDER SPLENDID SILK.
- EXPLORE MODERN INDIA'S TECHNOLOGY.
- TRY YOUR HAND AT TESSELLATIONS OR SANSKRIT.
- MEET EXOTIC INDIAN CREATURES INCLUDING PENELOPE THE PYTHON AND A DELIGHTFUL BINTURONG (COUSIN OF THE MONGOOSE.)

You and a guest are invited to join us for the press opening of "INDIA: A FESTIVAL OF SCIENCE," hosted by the Pacific Science Center, July 2 through October 31, 1986. The Exhibition —— comprised of a Unique blend of live demonstrations by artisans from India, visitor activities, and audio—visual presentations —— examines the historic and contemporary contributions of India in such fields as astronomy, metallurgy, space technology, agriculture and energy.

0 ਮਾਚਸ ਤੇ ਲਿਖਿਆ ਹੁੰਦਾ ਹੈ ਕਿ 'ਸੱਠ ਤੀਲੀਆਂ', ਪਰ ਅੰਦਰੋਂ ਚਾਲੀ ਨਿਕਲਣ, ਇਹ ਕਿਹੋ ਜੇਹਾ ਧੰਦਾ ਹੈ?
—ਗੋਰਖ ਧੂੰਦਾ

0 ਬਚਪਨ ਅਤੇ ਜਵਾਨੀ ਦੇ ਵਿਚਕਾਰ ਜੋ ਉਮਰ ਹੁੰਦੀ ਹੈ ਕਿਵੇਂ ਗੁਜ਼ਾਰੀ ਜਾਵੇ?
—ਸਕੂਲ ਟੀਚਰਾਂ ਦੀਆਂ ਝਿੜਕਾਂ ਖਾ ਕੇ.

ਪਿੰਡੋਂ ਬਾਹਰ ...?

ਮੇਜਰ ਪਿਆਰਾ ਸਿੰਘ

(ਡਾ: ਹਰਿਭਜਨ ਸਿੰਘ ਦੀ ਨਜ਼ਮ "ਪਿੰਡੋਂ ਬਾਹਰ" ਵਿਚਲੇ ਬੁੱਲ੍ਹੇ ਨੂੰ ਸੰਬੋਧਤ)


ਬਹਿ ਇਕਲਾਪੇ ਭੋਗੀਏ ਜਿਹੜਾ, ਉਹ ਦੁਖੜਾ ਕੀ ਦੁਖੜਾ ।
ਝੱਖੜਾ-ਝਾਂਜੇ ਦੀ ਝੰਬ ਝਲਦਾ, ਝੂਮੇ ਵਣ ਵਿਚ ਰੁਖੜਾ ।
ਬੈਠ ਇਕੱਲਿਆਂ ਜੀ ਨਹੀਂ ਹੋਣਾ, ਮਰਾਂਗੇ ਨਾਲ ਭਰਾਵਾਂ ।

ਭੀੜਾਂ ਵਿਚ ਗੁਆਚਣ ਦਾ ਡਰ, ਜਿੰਦ ਨੂੰ ਮੂਲ ਨਾ ਲਾਈਏ ।
ਕਾਫਲਿਆਂ ਸੰਗ ਤੁਰੇ ਰਹਿਣ ਦੀ, ਸੁੱਚੀ ਪਿਰਤ ਨਿਭਾਈਏ ।
ਨ੍ਹੇਰਿਆਂ ਅੱਟੇ ਰਾਹੀਂ ਜਗਦੇ, ਅੱਖਰ ਧਰਦੇ ਜਾਈਏ ।
ਹੱਕ-ਹਰਫ ਨੂੰ ਕੌਣ ਮਿਟਾਵੇ, ਉੱਚੀ ਆਖ ਸੁਣਾਈਏ ।
ਸਮਿਆਂ ਦੀ ਬੇਕਿਰਕ ਸਲੀਬੋਂ, ਸੱਚ ਮਸੀਹਾ ਲਾਹੀਏ ।
ਬੇਸ਼ਕ ਆਪਣਾ ਝੁੱਗਾ ਸੜਿਆ, ਪਿੰਡ ਦੀ ਖੈਰ ਮਨਾਈਏ ।
ਉਠ ਬੁੱਲ੍ਹਿਆ, ਛੱਡ ਸੁਰਾਂ ਮਾਤਮੀ, ਸੱਚ ਸਮੇਂ ਦਾ ਗਾਈਏ ।


ਅਣਕੀਤੇ ਜੁਰਮਾਂ ਦੀਆਂ ਸਾਥੋਂ, ਭੋਗ ਨਾ ਹੋਣ ਸਜ਼ਾਵਾਂ ।
ਦੱਸ ਬੁੱਲ੍ਹਿਆ ! ਤੈਨੂੰ ਪਿੰਡੋਂ ਬਾਹਰ, ਕਿੱਥੇ ਮੈਂ ਛੱਡ ਆਵਾਂ ।

ਕੱਲ੍ਹ ਦਾ ਆਇਆ ਮੇਲ ਸੁਣੀਂਦਾ,
ਸੁਰਮਾ ਸਭ ਨੇ ਪਾਇਆ ।
ਗਹਿਣੇ ਗੱਟ੍ਹੇ ਸਭ ਦੇ ਸੋਂਹਦੇ,
ਵਿਆਹੁਲਾ ਰੰਗ ਵਟਾਇਆ ।
ਮੁੰਡੇ ਦੀ ਮਾਮੀ ਨੇ,
ਗਿੱਧਾ ਖੂਬ ਰਚਾਇਆ ।

Wenman Opens His Office At Langley



Mr. Bob Wenman is among 12 contestents for Socred leadership. He opened his election office at Langley last week. He is considered to be a compromising candidate by political pundits and they hope he will emerge as the winner.



Tory exective committee member Sunil Ahuja with Bob Wenman, M.P.

ਅਗਲੇ ਹਫ਼ਤੇ ਦੀ ਛੁੱਟੀ ਦਾ ਐਲਾਨ

'ਕੈਨੇਡਾ ਦਰਪਣ' ਦਾ ਸਟਾਫ ਛੁੱਟੀ ਤੇ ਜਾਣ ਕਾਰਨ ਅਗਲੇ ਹਫਤੇ 'ਕੈਨੇਡਾ ਦਰਪਣ' ਮਾਰਕੀਟ ਵਿਚ ਨਹੀਂ ਆਵੇਗਾ। ਪਾਠਕ ਅਤੇ ਵਪਾਰੀ ਵੀਰ ਨੋਟ ਕਰ ਲੈਣ।

(ਸਰਕੂਲੇਸ਼ਨ ਮੈਨੇਜਰ)

ਕੌਂਟਰਾ ਭਗੌੜਿਆਂ ਨੂੰ ਅਮਰੀਕਨ ਸਹਾਇਤਾ ਬੰਦ ਕਰੋ

ਵਾਸ਼ਿੰਗਟਨ — ਨਿਕਾਰਗੁਆ ਦੀਆਂ ਦੇਸ਼ ਭਗਤਕ ਫੌਜਾਂ ਪਿਛਲੇ ਦਿਨੀਂ ਜੋ ਪੱਛਮੀ ਜਰਮਨੀ ਦੇ ਵਿਦਿਆਰੀ ਅਮਰੀਕਾ ਪਿਠੂ ਕੌਂਟਰਾ ਤੋਂ ਮੁਕਤ ਕਰਾਏ ਸਨ, ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਕੌਂਟਰਾ ਦਹਿਸ਼ਤਪਸੰਦ ਤਨਜੀਮ ਹੈ ਇਸ ਨੂੰ ਸੌ ਮਿਲੀਅਨ ਦੀ ਅਮਰੀਕਨ ਸਹਾਇਤਾ ਨਹੀਂ ਦਿਤੀ ਜਾਣੀ ਚਾਹੀਦੀ। ਇਹ ਪ੍ਰੈਸ ਕਾਨਫਰੰਸ ਓਕਸਫਾਮ ਅਮਰੀਕਾ ਅਤੇ ਹੋਰ ਮਾਨਵਵਾਦੀ ਜਥੇਬੰਦੀਆਂ ਵਲੋਂ ਸੱਦੀ ਗਈ ਸੀ। ਐਸੇ ਮੌਕੇ ਅਮਰੀਕਨ ਕਾਂਗਰਸ ਕੌਂਟਰਾ ਦੀ ਮਦਦ ਬਾਰੇ ਪ੍ਰਧਾਨ ਰੇਗਨ ਦੀ ਬੇਨਤੀ ਉਪਰ ਬਹਿਸ ਵੀ ਕਰ ਰਹੀ ਸੀ।

ਛਪਦੇ ਛਪਦੇ : ਮਾਮੂਲੀ ਜਿਹੀ ਬਹੁਗਿਣਤੀ ਨਾਲ ਰੇਗਨ ਦੀ ਸੌ ਮਿਲੀਅਨ ਦੀ ਬੇਨਤੀ ਅਮਰੀਕਨ ਕਾਂਗਰਸ ਨੇ ਪਾਸ ਕਰ ਦਿੱਤੀ।

ਪ੍ਰੀਤ-ਨਗਰ ਦਾ ਜਿਨ੍ਹਾਂ ਪੰਧ ਮੁਕਾ ਲੈਨਾਂ,
ਉਹਨਾਂ ਹੀ ਹੋ ਜਾਂਦਾ ਹੋਰ ਲੰਮੇਰਾ ਏ।
ਆ ਰਲ ਮਿਲ ਕੇ ਪ੍ਰੀਤ ਦੇ ਥੋਬੇ ਲਾ ਲਈਏ,
ਪ੍ਰੀਤ-ਮਹਿਲ ਦਾ ਖੁਰਦਾ ਪਿਆ ਬਨੇਰਾ ਏ।
ਪ੍ਰਿਆਰ ਤੇਰੇ ਦਾ ਸੂਰਜ ਤੀਰ ਮੁਕਾ ਬੈਠੇ,
ਇਸ਼ਕ ਮੇਰੇ ਦਾ ਹੋਇਆ ਅਜੇ ਸਵੇਰਾ ਏ।

ਪੁਸਤਕ ਰੀਵੀਊ

ਵਾਰੇ ਸ਼ਾਹ ਦੀ ਮੌਤ

ਗਿਆਨੀ ਕੇਸਰ ਸਿੰਘ

ਗਿਆਨੀ ਕੇਸਰ ਸਿੰਘ ਦੇ ਨਵੇਂ ਨਾਵਲ 'ਵਾਰੇ ਸ਼ਾਹ ਦੀ ਮੌਤ' (ਅਮਰਜੀਤ ਸਾਹਿਤ ਪ੍ਰਕਾਸ਼ਨ ਪਟਿਆਲਾ) ਦੀ ਮੁੱਖ ਸਮੱਸਿਆ ਵਾਰੇ ਸ਼ਾਹ ਦੀ ਮੌਤ ਹੈ — ਵਾਰੇ ਸ਼ਾਹ, ਜੋ ਪੰਜਾਬੀ ਬੋਲੀ ਹੈ, ਪੰਜਾਬੀ ਸਾਹਿਤ ਹੈ, ਸੱਭਿਆਚਾਰ ਹੈ, ਗੱਲ ਕੀ ਜੋ ਪੰਜਾਬੀਅਤ ਹੈ। ਦੁਖਾਂਤ ਇਸ ਮੌਤ ਵਿਚ ਨਹੀਂ, ਸਗੋਂ ਮੌਤ ਤੋਂ ਪਹਿਲਾਂ ਪਲ ਪਲ ਖੁਰਨ ਵਿਚ ਹੈ, ਜਿਉਂਦੇ ਰਹਿਣ ਲਈ ਪੂਰਾ ਤਾਣ ਲਾਉਣ, ਨਿਰਾਰਥਕ ਆਸਾਂ ਤੇ ਭਰਮ ਪਾਲਣ ਵਿਚ ਹੈ। ਵੇਖਣ ਨੂੰ ਨਾਵਲ ਆਪਣੇ ਕੇਂਦਰੀ ਕਿਰਦਾਰ ਬਚਨ ਸਿੰਘ ਦਾ ਮਹਿਜ਼ ਪਾਤਰ- ਚਿੱਤਰਣ ਹੀ ਜਾਪਦਾ ਹੈ—ਬਚਨ ਸਿੰਘ ਜੋ ਆਪਣੀ ਮੌਜੂਦਗੀ ਰਾਹੀਂ ਵੀ ਤੇ ਆਪਣੀ ਗੈਰ-ਮੌਜੂਦਗੀ ਰਾਹੀਂ ਵੀ ਨਾਵਲ 'ਚ ਹਰ ਥਾਂ ਛਾਇਆ ਰਹਿੰਦਾ ਹੈ। ਪਰ ਅਸਲੀਅਤ ਇਹ ਨਹੀਂ ਨਾਵਲ ਦੀ ਖੂਬਸੂਰਤੀ ਇਹੋ ਹੈ ਕਿ ਇਹ ਇਕੋ ਸਮੇਂ ਯਥਾਰਥਕ ਵੀ ਹੈ ਤੇ ਪ੍ਰਤੀਕਾਤਮਕ ਵੀ। ਬਚਨ ਸਿੰਘ ਇਕ ਖਾਸ ਇਤਿਹਾਸਕ ਸਮੇਂ ਸਥਾਨ ਵਿਚ ਵਿਗਸਦਾ ਵਿਸ਼ੇਸ਼ ਕਿਰਦਾਰ ਵੀ ਹੈ, ਪਰਦੇਸਾਂ 'ਚ ਪੈਸਾ ਕਮਾਉਣ ਗਏ ਲੋਕਾਂ ਦੇ ਮਰ ਰਹੇ ਸਭਿਆਚਾਰ ਦਾ ਪ੍ਰਤੀਕ ਵੀ। ਇਸ ਤਰ੍ਹਾਂ ਇਹ ਨਾਵਲ ਇਕੋ ਸਮੇਂ ਅਰਥਾਂ ਦੀਆਂ ਕਈ ਪਰਤਾਂ ਸਮੋਈ ਬੈਠਾ ਹੈ।

ਬਚਨ ਸਿੰਘ ਜੋ ਪਹਿਲੇ ਸਮਿਆਂ 'ਚ ਪੈਸਾ ਕਮਾਉਣ ਲਈ ਅਮਰੀਕਾ ਜਾ ਟਿਕਿਆ ਸੀ, ਬੜੀ ਮਿਹਨਤ ਮਜ਼ਦੂਰੀ ਸਦਕਾ ਅਮੀਰ ਜ਼ਿਮੀਦਾਰ ਬਣ ਜਾਂਦਾ ਹੈ। ਗਦਰੀਆਂ ਦੇ ਸੰਪਰਕ 'ਚ ਆ ਕੇ ਮਨ ਬਣਾਉਂਦਾ ਹੈ ਕਿ ਜਿੰਨਾ ਚਿਰ ਦੇਸ ਆਜ਼ਾਦ ਨਹੀਂ ਹੁੰਦਾ ਵਿਆਹ ਨਹੀਂ ਕਰਾਉਣਾ। ਪਰ ਆਪਣੇ ਇਕ ਦੋਸਤ ਚੇਤ ਸਿੰਘ ਦੇ ਜ਼ੋਰ ਦੇਣ 'ਤੇ ਉਸਦੀ ਧੀਆਂ ਵਰਗੀ ਲੜਕੀ ਜੇਕੀ ਨਾਲ ਵਿਆਹ ਕਰ ਲੈਂਦਾ ਹੈ। ਉਨ੍ਹਾਂ ਦੇ ਘਰ ਪੁੱਤਰ ਗੁਰਮੀਤ ਅਤੇ ਧੀ ਸ਼ੈਲੀ ਪੈਦਾ ਹੁੰਦੇ ਹਨ, ਜਿਨ੍ਹਾਂ ਦਾ ਆਲੇ ਦੁਆਲੇ ਦੇ ਅਸਰ ਕਾਰਨ ਪੰਜਾਬੀ ਸਭਿਆਚਾਰ ਨਾਲ ਬਹੁਤਾ ਸਰੋਕਾਰ ਨਹੀਂ ਰਹਿੰਦਾ। ਬਚਨ ਸਿੰਘ ਉਨ੍ਹਾਂ ਨੂੰ ਪੰਜਾਬੀ ਲੜਕੀ ਲੜਕੇ ਨਾਲ ਵਿਆਹੁਣਾ ਚਾਹੁੰਦਾ ਹੈ, ਪਰ ਯੋਗ ਵਰ ਨਹੀਂ ਮਿਲਦੇ। ਆਖਰ ਆਪਣੀ ਮਰਜ਼ੀ ਮੁਤਾਬਿਕ ਸ਼ੈਲੀ ਗੋਰੇ ਰੌਨ ਨਾਲ ਅਤੇ ਗੁਰਮੀਤ ਗੋਰੀ ਸ਼ੈਰਨ ਨਾਲ ਵਿਆਹ ਕਰ ਲੈਂਦੇ ਹਨ। ਬਚਨ ਸਿੰਘ ਵਿਰੋਧ ਕਰਦਾ ਹੈ, ਪਰ ਬੇਬੱਸ ਹੋ ਕੇ ਰਹਿ ਜਾਂਦਾ ਹੈ। ਸੈਲੀ ਰੌਨ ਦੇ ਦੋ ਬੱਚਿਆਂ ਦੀ ਮਾਂ ਬਣ ਜਾਂਦੀ ਹੈ ਤੇ ਗੁਰਮੀਤ ਸ਼ੈਰਨ ਦੇ ਦੋ ਬੱਚਿਆਂ ਦਾ ਬਾਪ। ਦੋਵੇਂ ਵਿਆਹ ਅੱਧ ਵਿਚਾਲੇ ਟੁੱਟ ਜਾਂਦੇ ਹਨ। ਬਚਨ ਸਿੰਘ ਹਾਲੇ ਵੀ ਇਹ ਆਸ ਪਾਲਦਾ ਹੈ ਕਿ ਉਨ੍ਹਾਂ ਦੇ ਮੁੜ ਵਿਆਹ ਹੋ ਜਾਣ — "ਆਪਣੇ" ਮੁੰਡੇ ਕੁੜੀ ਨਾਲ। ਸ਼ੈਲੀ ਮੁਹਿੰਦਰ ਵਲ ਰੁਚਿਤ ਹੈ, ਪਰ ਮੁਹਿੰਦਰ ਦੇ ਘਰ ਦੇ ਨਹੀਂ ਮੰਨਦੇ। ਗੁਰਮੀਤ ਦੀ ਸ਼ਾਦੀ ਹੁਣੇ ਹੁਣੇ ਅਮਰੀਕਾ ਆਈ ਲੜਕੀ ਕੀਰਤ ਨਾਲ ਕਰ ਦਿੱਤੀ ਜਾਂਦੀ ਹੈ ਜੋ ਇਸ ਕਰਕੇ ਟੁੱਟ ਜਾਂਦੀ ਹੈ ਕਿ ਗੁਰਮੀਤ ਹਾਲੇ ਵੀ ਸ਼ੈਰਨ ਮਗਰ ਫਿਰਦਾ ਹੈ। ਆਸ ਦੇ ਪੂਰੀ ਤਰ੍ਹਾਂ ਟੁੱਟ ਜਾਣ ਨਾਲ ਬਚਨ ਸਿੰਘ ਦਾ ਦਿਲ ਟੁੱਟ ਜਾਂਦਾ ਹੈ।

ਕਹਾਣੀ ਦਾ ਇਹ ਖਾਕਾ ਦੇਖ ਕੇ ਲਗਦਾ ਹੈ ਕਿ ਮੁੱਖ ਮਸਲਾ ਵਿਆਹ ਲਈ ਯੋਗ ਵਰ ਨਾ ਲੱਭਣ ਦਾ ਹੈ। ਪਰ ਅਜਿਹਾ ਨਹੀਂ ਹੈ। ਵਿਆਹ ਦਾ ਮਸਲਾ ਇਥੇ ਵਧੇਰੇ ਵਿਸ਼ਾਲ ਪੈਮਾਨੇ ਦੇ ਸਭਿਆਚਾਰਕ ਸੰਕਟ ਦਾ ਇਕ ਹਿੱਸਾ ਮਾਤਰ ਹੈ। ਬਚਨ ਸਿੰਘ ਦੀ ਪਹਿਲੀ ਇੱਛਾ ਇਹ ਹੈ ਕਿ ਉਹਨੂੰ ਆਪਣੀ ਧੀ ਲਈ ਪੰਜਾਬੀ ਮੁੰਡਾ ਮਿਲ ਜਾਵੇ ਅਤੇ ਉਹਦੇ ਪੁੱਤਰ ਲਈ ਪੰਜਾਬੀ ਲੜਕੀ। ਜਦੋਂ ਇਹ ਇੱਛਾ ਪੂਰੀ ਨਹੀਂ ਹੁੰਦੀ ਤਾਂ ਉਹ ਪੰਜਾਬੀ ਬਾਪ ਤੇ ਗੋਰੀ ਮਾਂ ਦੀ ਔਲਾਦ ਨੂੰ ਸਵੀਕਾਰ ਕਰਨ ਨੂੰ ਤਿਆਰ ਹੋ ਜਾਂਦਾ ਹੈ। ਪਰ ਉਸਦੀ ਇਸ ਆਸ 'ਤੇ ਵੀ ਪਾਣੀ ਫਿਰ ਜਾਂਦਾ ਹੈ। ਉਹਦੀ ਅਜਿਹੀ ਇੱਛਾ ਆਪਣੇ ਸਭਿਆਚਾਰ ਨਾਲ ਜੁੜੇ ਰਹਿਣ ਤੇ ਪੰਜਾਬੀਅਤ ਨੂੰ ਆਪਣੀ ਮੌਤ ਤੋਂ ਬਾਦ ਵੀ ਸੁਰੱਖਿਅਤ ਰੱਖਣ ਦੀ ਇੱਛਾ ਦੇ ਸਮਰੂਪ ਹੈ। ਜਦੋਂ ਉਹਦੇ ਧੀ ਪੁੱਤਰ ਗੋਰੇ ਮੁੰਡੇ ਕੁੜੀ ਨਾਲ ਵਿਆਹ ਕਰ ਲੈਂਦੇ ਹਨ, ਪਰ ਕਾਮਯਾਬ ਵਿਆਹੁਤਾ ਜੀਵਨ ਬਤੀਤ ਕਰਨ 'ਚ ਨਾ ਕਾਮਯਾਬ ਰਹਿੰਦੇ ਹਨ ਤਾਂ ਇਸਦੇ ਨਾਲ ਬਚਨ ਸਿੰਘ ਦੀ ਆਸ ਟੁੱਟਣ ਨਾਲ ਪੈਦਾ ਹੋਇਆ ਸੰਕਟ ਹੋਰ ਵੀ ਗਹਿਰਾ ਹੋ ਜਾਂਦਾ ਹੈ। ਅਸਲ ਵਿਚ ਪੰਜਾਬੀ ਕੁੜੀ ਮੁੰਡੇ ਦਾ ਨਾ ਮਿਲਣਾ ਅਤੇ ਗੋਰੇ ਕੁੜੀ ਮੁੰਡੇ ਨਾਲ ਸ਼ਾਦੀ ਹੋ ਕੇ ਟੁੱਟ ਜਾਣ— ਇਕੋ ਸੱਚਾਈ ਦੇ ਦੋ ਰੂਪ ਹਨ। ਦੋਹਾਂ 'ਚ ਬੁਨਿਆਦੀ ਗੱਲ ਹੈ — ਕਹਾਵਤ ਅਨੁਸਾਰ—'ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ'। ਨਾ ਉਨ੍ਹਾਂ ਨੂੰ ਦੇਸ ਸਵੀਕਾਰ ਕਰਦਾ ਹੈ ਤੇ ਨਾ ਪਰਦੇਸ। ਉਹ ਦੋ ਸਭਿਆਚਾਰਾਂ ਵਿਚਕਾਰ ਲਟਕਦੇ ਭਟਕਦੇ ਰਹਿੰਦੇ ਹਨ। ਸ਼ੈਲੀ ਦੀ ਰੌਨ ਨਾਲ ਅਣਬਣ ਉਪਰੰਤ ਬਚਨ ਸਿੰਘ ਸ਼ੈਲੀ ਦਾ ਮਹਿੰਦਰ ਸਿੰਘ ਨਾਲ ਮੇਲ ਦੇਖਣਾ ਚਾਹੁੰਦਾ ਹੈ, ਪਰ ਦੋ ਨਿਆਣਿਆਂ ਦੀ ਮਾਂ ਨੂੰ ਪੰਜਾਬੀ ਸਭਿਆਚਾਰ ਸਵੀਕਾਰ ਨਹੀਂ ਕਰਦਾ। ਬਚਨ ਸਿੰਘ ਦਾ ਮਾਨਸਿਕ ਸੰਕਟ ਹੋਰ ਵੀ ਗਹਿਰਾ ਹੋ ਜਾਂਦਾ ਹੈ। ਆਖਰ ਉਹ ਇਹ ਇੱਛਾ ਕਰਨ ਲਗਦਾ ਹੈ ਕਿ ਸ਼ੈਲੀ ਤੇ ਰੌਨ ਦੀ ਆਪਸ ਵਿਚ ਹੀ ਬਣੀ ਰਹੇ ਤਾਂ ਚੰਗਾ ਹੈ। ਪਰ ਇਹ ਇੱਛਾ ਵੀ ਤਿਨਕੇ ਮਾਤਰ ਸਹਾਰਾ ਹੈ। ਬਚਨ ਸਿੰਘ ਸਾਰੇ ਨਾਵਲ ਵਿਚ ਇਕ ਤੋਂ ਬਾਦ ਦੂਸਰਾ ਲਗਾਤਾਰ ਕਈ ਭਰਮ ਪਾਲਦਾ ਹੈ। ਪਰ ਇਕ ਇਕ ਕਰਕੇ ਸਾਰੇ ਭਰਮ ਟੁੱਟਦੇ ਜਾਂਦੇ ਹਨ - ਉਹਦੀ ਹੋਂਦ ਖੁਰਦੀ ਜਾਂਦੀ ਹੈ। ਸਿਰਫ ਇਕ ਸਮੇਂ 'ਤੇ ਆ ਕੇ ਬਚਨ ਸਿੰਘ ਤੇ ਉਸਦੇ ਨਾਲ ਪਾਠਕ ਨੂੰ ਵੀ ਜਾਪਣ ਲਗਦਾ ਹੈ ਕਿ ਸ਼ਾਇਦ ਵਾਰੇ ਸ਼ਾਹ ਦੀ ਮੌਤ ਨਾ ਹੀ ਹੋਵੇ—ਸ਼ਾਇਦ ਪੰਜਾਬੀਅਤ ਪਰਾਈ ਧਰਤੀ 'ਤੇ ਵੀ ਜਿਉਂਦੀ ਰਹਿ ਸਕੇ, ਵਧ ਫੁੱਲ ਸਕੇ। ਇਹ ਉਹ ਸਮਾਂ ਹੈ, ਜਦੋਂ ਜਗਤ ਸਿੰਘ ਦੀ ਧੀ ਕੀਰਤ ਆਪਣੇ ਬਾਪ ਨਾਲ ਰੁਸ ਕੇ ਬਚਨ ਸਿੰਘ ਹੁਰਾਂ ਨਾਲ ਪਹਿਲਾਂ ਧੀਆਂ ਵਾਂਗ ਆ ਕੇ ਰਹਿਣ ਲਗਦੀ ਹੈ ਤੇ ਬਚਨ ਸਿੰਘ ਤੇ ਜੈਨੀ ਦੇ ਮਨ ਵਿਚ 'ਇਕ ਆਦਰਸ਼ ਨੂੰਹ' ਦੇ ਬਿੰਬ ਵਿਚ ਢਲਦੀ ਹੈ, ਤੇ ਫਿਰ ਸੱਚੀਂ ਮੁੱਚੀਂ ਗੁਰਮੀਤ ਨਾਲ ਸ਼ਾਦੀ ਕਰਨਾ ਮੰਨ ਲੈਂਦੀ ਹੈ। ਜ਼ਾਹਿਰ ਹੈ ਕਿ ਇਕੱਲਾ ਬਚਨ ਸਿੰਘ ਹੀ ਭਰਮ ਨਹੀਂ ਪਾਲ ਰਿਹਾ, ਸਗੋਂ ਕੀਰਤ ਵੀ ਪਰਾਏ ਦੇਸ ਵਿਚ ਬਚਨ ਸਿੰਘ ਤੇ ਜੈਕੀ ਵਿਚੋਂ ਮਾਂ ਬਾਪ ਦਾ ਪਿਆਰ ਲੱਭਣ ਦੇ ਭਰਮ ਦੀ ਸ਼ਿਕਾਰ ਹੈ। ਇੱਥੇ ਕੀਰਤ, ਜੋ ਪੰਜਾਬੀਅਤ ਦੇ ਪ੍ਰਤੀਕ ਦੇ ਤੌਰ 'ਤੇ ਉਭਰਦੀ ਹੈ, ਗੁਰਮੀਤ ਦੇ ਕਿਰਦਾਰ ਦੇ ਦੂਸਰੇ ਅੱਧ-ਜੋ ਗੋਰਾ ਹੈ-ਦੁਆਰਾ ਨਾ ਮਨਜ਼ੂਰ ਹੋ ਜਾਂਦੀ ਹੈ।

ਗੁਰਮੀਤ ਨਾਲ ਟੁੱਟਣ ਪਿਛੋਂ ਕੀਰਤ ਅਸਲੀਅਤ ਦਾ ਰਾਹ ਪਕੜਦੀ ਹੈ ਜਦ ਕਿ ਬਚਨ ਸਿੰਘ ਇਕ ਵਾਰ ਫਿਰ ਭਰਮ ਦਾ ਪੱਲਾ। ਅਸਲ ਵਿਚ ਭਰਮ ਉਹਦੀ ਹੋਂਦ ਦਾ ਆਧਾਰ ਹੈ। ਭਰਮ ਦਾ ਟੁੱਟਣਾ ਉਹਦੀ ਮੌਤ ਹੈ। ਬਚਨ ਸਿੰਘ ਦੇ ਸੰਬੰਧ ਵਿਚ ਇਸ ਅਸਲੀਅਤ ਤੇ ਭਰਮ ਦੇ ਦਵੰਦ ਵਿਚ ਕੌਣ ਜਿੱਤਦਾ ਹੈ। ਅੰਤ 'ਤੇ ਅਸਲੀਅਤ ਆਪਣਾ ਪੂਰਾ ਅਹਿਸਾਸ ਕਰਵਾਕੇ ਵੀ ਬਚਨ ਸਿੰਘ ਦੇ ਭਰਮ ਨੂੰ ਤੋੜ ਨਹੀਂ ਸਕਦੀ। ਇਹ ਬਚਨ ਸਿੰਘ ਦੇ ਭਰਮ ਦੀ ਜਿੱਤ ਹੈ।

ਇਕ ਹੋਰ ਵਿਸ਼ੇਸ਼ ਗੱਲ ਉਹ ਇਹ ਹੈ ਕਿ 'ਸਿੱਖੀ' ਤੇ 'ਵਾਰੇ-ਸ਼ਾਹ' ਦੋ ਵੱਖ ਵੱਖ ਚੀਜ਼ਾਂ ਹਨ। ਸਿੱਖੀ ਅਰਥਾਤ ਧਰਮ ਵਾਰੇ ਸ਼ਾਹ ਅਰਥਾਤ ਪੰਜਾਬੀ ਬੋਲੀ ਤੇ ਸਾਹਿਤ ਦੋ ਵੱਖ ਵੱਖ ਪਹਿਲੂ ਹਨ ਪੰਜਾਬੀ ਸਭਿਆਚਾਰ ਦੇ। ਪਰਦੇਸੀ ਸਭਿਆਚਾਰ ਪੰਜਾਬੀਅਤ 'ਤੇ ਦੋਹਾਂ ਪੱਖਾਂ ਤੋਂ ਹਮਲਾ ਕਰਦਾ ਹੈ ਤੇ ਉਹਨੂੰ ਮਾਰਦਾ ਹੈ। ਬਚਨ ਸਿੰਘ ਵਾਲ ਕਟਾ ਬੈਠਾ ਹੈ, ਨਸ਼ਾ ਪੀਂਦਾ ਹੈ, ਗੁਰਦੁਆਰੇ 'ਚ ਬੂਟਾ ਸਮੇਤ ਕੁਰਸੀ 'ਤੇ ਬੈਠਣ ਦੇ ਹੱਕ ਵਿਚ ਹੈ। ਅਜਿਹਾ ਕਰਨਾ ਭਾਵੇਂ ਉਹਦੀ ਮਜ਼ਬੂਰੀ ਹੈ; ਪਰ ਆਦਮੀ ਨੂੰ ਮਜ਼ਬੂਰ ਕਰਕੇ ਹੀ ਪਰਦੇਸੀ ਸਭਿਆਚਾਰ ਜਿੱਤਦਾ ਹੈ। ਧਰਮ ਵੱਲੋਂ ਟੁੱਟਣਾ ਬਚਨ ਸਿੰਘ ਅੰਦਰ ਇਕ ਗੁਨਾਹ ਦਾ ਅਹਿਸਾਸ ਪੈਦਾ ਕਰਦਾ ਹੈ। ਇਸ ਗੁਨਾਹ ਦੇ ਅਹਿਸਾਸ ਕਾਰਨ ਉਹ ਦੂਸਰੇ ਪੱਖ—ਬੋਲੀ ਤੇ ਸਾਹਿਤ—ਨਾਲ ਹੋਰ ਸ਼ਿੱਦਤ ਨਾਲ ਜੁੜ ਜਾਂਦਾ ਹੈ। ਵਾਰਿਸ, ਦਮੋਦਰ, ਬੁੱਲ੍ਹਾ, ਸ਼ਾਹ ਮੁਹੰਮਦ, ਕਾਦਰਯਾਰ ਉਹਦੇ ਮਨ ਭਾਉਂਦੇ ਹਨ। 'ਬਰੇਕ ਫਾਸਟ' ਨਹੀਂ, 'ਛਾਹਵੇਲਾ' ਖਾਂਦਾ ਹੈ, 'ਗੁਡ ਮਾਰਨਿੰਗ' ਆਦਿ ਦੀ ਥਾਂ 'ਸਤਿ ਸ੍ਰੀ ਅਕਾਲ' ਬੁਲਾ ਕੇ ਖੁਸ਼ ਰਹਿੰਦਾ ਹੈ। ਪਰ ਆਲਾ ਦੁਆਲਾ ਉਸਦੇ ਇਸ ਪੰਜਾਬੀਅਤ-ਪ੍ਰੇਮ ਦੇ ਅਨੁਕੂਲ ਨਹੀਂ, ਇਸੇ ਕਰਕੇ ਉਸਦਾ ਇਹ ਪ੍ਰੇਮ ਕਈ ਵਾਰ ਸਨਕ ਜਿਹਾ ਲੱਗਦਾ ਹੈ।

ਗਦਰੀਆਂ, ਬੱਬਰ ਅਕਾਲੀਆਂ ਤੇ ਹੋਰ ਦੇਸ਼ ਭਗਤਾਂ ਵੱਲ ਹਵਾਲੇ ਸਾਰੀ ਕਹਾਣੀ ਦੀ ਪਿੱਠ ਭੂਮੀ ਉਸਾਰੇ ਹਨ। ਇਹਨਾਂ ਤੋਂ ਲਹਿਰਾਂ ਤੋਂ ਬਿਨਾਂ ਬਚਨ ਸਿੰਘ ਦਾ ਕਿਰਦਾਰ ਚਿਤਵਿਆ ਨਹੀਂ ਜਾ ਸਕਦਾ। ਦੇਸ਼ ਆਜ਼ਾਦ ਹੋਣ ਉਪਰੰਤ ਇਹ ਲਹਿਰਾਂ ਬਚਨ ਸਿੰਘ ਦੀ ਬੀਤੀ ਜ਼ਿੰਦਗੀ ਦੀ ਤਰ੍ਹਾਂ ਭੂਤਕਾਲ ਦੀ ਯਾਦ ਬਣਕੇ ਰਹਿ ਗਈਆਂ ਹਨ। ਬਚਨ ਸਿੰਘ ਨੂੰ ਆਪਣੀਆਂ ਪ੍ਰਾਪਤੀਆਂ 'ਤੇ ਮਾਣ ਹੈ ਸ਼ਹੀਦਾਂ ਨੂੰ ਯਾਦ ਕਰਕੇ ਉਹਦੀਆਂ ਅੱਖਾਂ ਭਰ ਆਉਂਦੀਆਂ ਹਨ। ਇਹਨਾਂ ਪੁਰਾਣੀਆਂ ਯਾਦਾਂ ਨੂੰ ਉਹ ਨੌਜਵਾਨਾਂ ਨਾਲ ਸਾਂਝਿਆਂ ਕਰਨਾ ਚਾਹੁੰਦਾ ਹੈ ਤੇ ਕਰਦਾ ਹੈ। ਕਈਆਂ ਨੂੰ ਉਹ ਗਾਲ੍ਹੜੀ ਲਗਦਾ ਹੋਏਗਾ ਤੇ ਦੇਸ਼ਭਗਤਾਂ ਬਾਰੇ ਉਹਦੀਆਂ ਯਾਦਾਂ ਕਹਾਣੀ ਦੀ ਰਫਤਾਰ ਨੂੰ ਮੱਧਮ ਕਰਦੀਆਂ ਜਾਪਦੀਆਂ ਹੋਣਗੀਆਂ। ਭਾਵੇਂ ਕਿਸੇ ਹੱਦ ਤੱਕ ਇਹ ਗੱਲ ਸੱਚ ਹੈ, ਪਰ ਇਨ੍ਹਾਂ ਹਵਾਲਿਆਂ ਨੇ ਇਸ ਪੁਸਤਕ ਨੂੰ ਵਿਲੱਖਣਤਾ ਬਖਸ਼ ਦਿੱਤੀ ਹੈ।

(ਹਰਬੰਸ ਲਾਲ)

ਪਰ ਇਹ ਗੇੜ ਸਮੇਂ ਦਾ ਮਿਤਰਾ, ਆਵੇ ਤੇ ਤੁਰ ਜਾਵੇ
ਹਰ ਪੱਤਝੜ ਦੇ ਪਿਛੇ ਤੁਰਦੀ, ਰੁੱਤ ਬਸੰਤੀ ਆਵੇ।
ਪਿੰਡ ਦੀ ਮਿਟੀ ਬਾਂਝ ਨਾ ਹੋਵੇ, ਮੁੜ ਮੁੜ ਰੰਗ ਖਿੜਾਵੇ।
ਪਿੰਡ ਕਦੇ ਜੇ ਥੇਹ ਵੀ ਹੋਵੇ, ਥੇਹੋਂ ਪਿੰਡ ਉਗ ਆਵੇ।
ਨਾ ਓਦਰ, ਨਾ ਜੀਅ ਕਰ ਥੋੜਾ, ਨਾ ਭਰ ਹਾਉਕੇ ਹਾਵਾਂ।

ਸਾ ਹਿ ਤ ਦ ਰ ਪ ਣ

ਕਹਾਣੀ:

ਵਿਰਲਾਂ ਵਿਚੋਂ ਝਾਕਦਾ ਹਨੇਰਾ

ਗੁਰਬਚਨ ਸਿੰਘ ਭੁੱਲਰ

ਉਹ ਮੇਰੇ ਸਾਹਮਣੇ ਖਲੋਤਾ ਸੀ—ਕਾਲਾ। ਦਿਨ-ਰਾਤ ਉਹ ਮੇਰੇ ਸਾਹਮਣੇ ਹੀ ਰਹਿੰਦਾ ਸੀ। ਪਰ ਉਹਨੂੰ ਕਦੀ ਨਾ ਮੈਂ ਧਿਆਨ ਨਾਲ ਦੇਖਿਆ ਸੀ ਅਤੇ ਨਾ ਹੀ ਉਸ ਬਾਰੇ ਕਦੀ ਕੁਝ ਸੋਚਿਆ ਸੀ। ਸ਼ਾਇਦ ਉਹਨੇ ਆਪ ਵੀ ਕਦੀ ਆਪਣੇ ਆਪ ਨੂੰ ਧਿਆਨ ਨਾਲ ਨਹੀਂ ਸੀ ਦੇਖਿਆ ਅਤੇ ਆਪਣੇ ਬਾਰੇ ਕੁਝ ਨਹੀਂ ਸੀ ਸੋਚਿਆ। ਅਸਲ ਵਿਚ ਉਹਦੇ ਵਿਚ ਦੇਖਣ ਵਾਲੀ ਜਾਂ ਉਹਦੇ ਬਾਰੇ ਸੋਚਣ ਵਾਲੀ ਕੋਈ ਗੱਲ ਹੈ ਵੀ ਨਹੀਂ ਸੀ। ਸ਼ਾਇਦ ਉਹ ਆਪ ਵੀ ਆਪਣੇ ਬਾਰੇ ਇਉਂ ਹੀ ਮਹਿਸੂਸ ਕਰਦਾ ਸੀ।

ਉਹ ਇਸ ਦਫਤਰ ਦਾ, ਮੇਰੇ ਦਫਤਰ ਦਾ ਚਪੜਾਸੀ। ਇਸ ਆਮ ਜਿਹੇ ਸ਼ਹਿਰ ਦੀ ਇਕ ਆਮ ਜਿਹੀ ਗਲੀ ਦਾ ਵਸਨੀਕ। ਅਧਿਕਾਰੀ ਅਤੇ ਕਰਮਚਾਰੀ ਬਦਲਦੇ ਰਹਿੰਦੇ ਸਨ, ਪਰ ਉਹ ਅਨੇਕ ਸਾਲਾਂ ਤੋਂ ਇਥੇ ਹੀ ਕੰਮ ਕਰ ਰਿਹਾ ਸੀ। ਇਸੇ ਦਫ਼ਤਰ ਵਿਚ ਚਪੜਾਸੀ। ਆਪਣੇ ਜੱਦੀ ਸ਼ਹਿਰ ਵਿਚ ਟਿਕਿਆ ਹੋਇਆ।

ਜਦੋਂ ਉਹ ਵਿਹਲਾ ਹੁੰਦਾ, ਉਹ ਮੇਰੇ ਦਫਤਰ ਦੇ ਕਮਰੇ ਦੇ ਦਰਵਾਜ਼ੇ ਉਤੇ ਲਟਕਦੀ ਚਿਕ ਦੇ ਬਾਹਰ ਸਟੂਲ ਰੱਖ ਕੇ ਬੈਠਾ ਰਹਿੰਦਾ। ਮੇਰੇ ਘੰਟੀ ਵਜਾਉਣ ਜਾਂ ਆਵਾਜ਼ ਦੇਣ ਦੀ ਉਡੀਕ ਵਿਚ। ਕੰਮ ਤੋਂ ਟਲਣਾ ਵਿਚਾਰੇ ਨੂੰ ਸ਼ਾਇਦ ਆਉਂਦਾ ਹੀ ਨਹੀਂ ਸੀ। ਜੇ ਉਹ ਏਨਾਂ ਹੁਸ਼ਿਆਰ ਹੁੰਦਾ ਤਾਂ ਚਪੜਾਸੀ ਲੱਗਣ ਜੋਗਾ ਹੀ ਕਿਉਂ ਰਹਿ ਜਾਂਦਾ। ਜੀ-ਜੀ, ਹਾਂਜੀ-ਹਾਂਜੀ ਹੀ ਉਹਦਾ ਸ਼ਬਦ ਅਤੇ ਉਹਦਾ ਸ਼ਲੋਕ ਸੀ। ਇਹੋ ਉਹ ਹਰ ਗੱਲ ਦੇ ਜਵਾਬ ਵਿਚ ਸਾਰਾ ਦਿਨ ਰਟਦਾ ਰਹਿੰਦਾ।

ਮੈਂ ਤਾਂ ਕਦੀ ਇਹ ਵੀ ਨਹੀਂ ਸੀ ਸੋਚਿਆ ਕਿ ਉਹ ਸਿੱਖ ਹੈ ਜਾਂ ਹਿੰਦੂ। ਸਿਰ ਦੇ ਅੱਧ-ਮੁੰਨੇ ਜਿਹੇ ਵਾਲਾਂ ਉਤੇ ਉਹ ਪੱਗ ਬੰਨ੍ਹ ਲੈਂਦਾ। ਨਾ ਉਹ ਵਾਲ ਏਨੀਂ ਚੰਗੀ ਤਰ੍ਹਾਂ ਮੁੰਨਦਾ ਕਿ ਸਿਰ ਨੰਗਾ ਰਖਿਆ ਜਾ ਸਕੇ ਅਤੇ ਨਾ ਹੀ ਉਹ ਵਾਲ ਏਨੇਂ ਲੰਮੇ ਰਖਦਾ ਕਿ ਜੂੜਾ ਹੋ ਕੇ ਉਹਨਾਂ ਉਤੇ ਪੱਗ ਸੋਹਣੀ ਲੱਗੇ। ਦਾੜ੍ਹੀ ਕਦੀ-ਕਦੀ ਲਾਪਰ ਛਡਦਾ। ਬੇਢਬੇ ਜਿਹੇ ਢੰਗ ਨਾਲ ਕਤਰੀ ਹੋਈ ਉਹਦੀ ਦਾੜ੍ਹੀ ਇਉਂ ਲਗਦੀ, ਜਿਵੇਂ ਕਿਸੇ ਅਣਜਾਣ ਬੰਦੇ ਨੇ ਖੇਤ ਵਿਚੋਂ ਚਾਰਾ ਵੱਢਿਆ ਹੋਵੇ

ਅਸਲ ਵਿਚ ਉਹਨੂੰ ਤੁਰੇ-ਫਿਰਦਿਆਂ, ਬੋਲਦਿਆਂ ਜਾਂ ਕੰਮ ਕਰਦਿਆਂ ਦੇਖ ਕੇ ਕਦੀ ਇਹ ਖਿਆਲ ਕਰਨ ਦੀ ਲੋੜ ਹੀ ਨਹੀਂ ਸੀ ਪੈਂਦੀ ਕਿ ਉਹ ਸਿੱਖ ਹੈ ਜਾਂ ਹਿੰਦੂ। ਬੱਸ ਉਹ ਆਦਮੀ ਜਾਪਦਾ। ਜੰਮਣ, ਕੰਮ ਕਰਦਿਆਂ ਵੱਡਾ ਹੋਣ ਅਤੇ ਕੰਮ ਕਰਦਿਆਂ ਹੀ ਮਰ ਜਾਣ ਵਾਲਾ ਮਨੁੱਖ। ਆਪਣੀ ਕਮਾਈ ਨਾਲ ਦਾਲ-ਰੋਟੀ ਖਾ ਛੱਡਣ ਵਾਲਾ, ਮੋਟਾ-ਖਰਾੜ੍ਹਾ ਪਹਿਣ ਛੱਡਣ ਵਾਲਾ, ਇਹਨਾਂ ਸਖਤ ਸਮਿਆਂ ਵਿਚ ਔਖਾ-ਸੌਖਾ ਹੋ ਕੇ ਕਿਵੇਂ ਨਾ ਕਿਵੇਂ ਗੁਜ਼ਾਰਾ ਕਰ ਛੱਡਣ ਵਾਲਾ ਮਨੁੱਖ।

ਪਤਾ ਨਹੀਂ ਉਹ ਕੱਚਾ-ਪਿਲਾ ਸਿੱਖ ਸੀ, ਜੋ ਕੇਸ-ਦਾੜ੍ਹੀ ਸਾਂਭਣ ਦੀ ਘੌਲ ਕਰਦਾ ਹੋਇਆ ਕਦੀ-ਕਦੀ ਕੈਂਚੀ ਫੇਰ ਛੱਡਿਆ ਕਰਦਾ ਸੀ। ਪਤਾ ਨਹੀਂ ਉਹ ਆਲਸੀ ਹਿੰਦੂ ਸੀ, ਜੋ ਰੋਜ਼ ਗੱਲ੍ਹਾਂ ਨੂੰ ਰਗੜਾ ਲਾਉਣ ਤੋਂ ਘੌਲ ਕਰਦਾ ਹੋਇਆ ਦਾੜ੍ਹੀ-ਸਿਰ ਅਧ-ਮੁੰਨੇ ਰੱਖ ਛੱਡਦਾ ਸੀ। ਉਂਜ ਜੇ ਉਹ ਕੁਝ ਦਿਨ ਕੈਂਚੀ ਨਾ ਚੁੱਕੇ ਤਾਂ ਸਿੱਖ ਲਗ ਸਕਦਾ ਸੀ, ਕਾਲਾ ਸਿੰਘ। ਤੇ ਜੇ ਉਹ ਇਕ ਦਿਨ ਨਾਈ ਦੇ ਜਾ ਬੈਠੇ ਤਾਂ ਹਿੰਦੂ ਲੱਗ ਸਕਦਾ ਸੀ, ਕਾਲਾ ਰਾਮ। ਪਰ ਹੁਣ ਉਹ ਨਾ ਸਿੱਖ ਸੀ, ਨਾ ਹਿੰਦੂ। ਨਾ ਕਾਲਾ ਸਿੰਘ ਤੇ ਨਾ ਕਾਲਾ ਰਾਮ। ਬੱਸ ਕਾਲਾ ਸੀ। ਮੈਂ ਹੋਰ ਕਿਸੇ ਨੂੰ ਵੀ ਕਦੀ ਉਹਨੂੰ ਕਾਲਾ ਸਿੰਘ ਜਾਂ ਕਾਲਾ ਰਾਮ ਆਖ ਕੇ ਬੁਲਾਉਂਦਿਆਂ ਨਹੀਂ ਸੀ ਸੁਣਿਆ। ਜੇ ਕਦੀ ਕੋਈ ਉਹਦੇ ਨਾਂ ਵਿਚ ਕੁਝ ਅਦਲਾ-ਬਦਲੀ ਕਰਦਾ ਵੀ, ਵੱਧ ਤੋਂ ਵੱਧ ਉਹਨੂੰ ਕਾਲਾ ਨਾ ਆਖ ਕੇ ਕਾਲੂ ਕਹਿ ਛੱਡਦਾ।

ਹੁਣ ਜਦੋਂ ਉਹ ਮੇਰੇ ਮੂਹਰੇ ਅਖਬਾਰ ਦਾ ਇਸ਼ਤਿਹਾਰਾਂ ਵਾਲਾ ਸਫਾ ਰਖਦਿਆਂ ਆਪਣਾ ਅਜੀਬ ਸਵਾਲ ਲੈ ਕੇ ਖਲੋਤਾ ਸੀ, ਮੈਨੂੰ ਪਹਿਲੀ ਵਾਰ ਉਹਦੇ ਧਰਮ ਬਾਰੇ ਸੋਚਣਾ ਪੈ ਰਿਹਾ ਸੀ। ਮੈਂ ਆਪਣੇ ਆਪ ਵਿਚ ਹੈਰਾਨ ਹੋਇਆ ਕਿ ਇਹ ਆਦਮੀ, ਇਹ ਕਾਲਾ ਜਾਂ ਕਾਲੂ ਦਿਨ ਰਾਤ ਮੇਰੇ ਕੋਲ ਰਹਿੰਦਾ ਸੀ, ਮੇਰੇ ਸਾਹਮਣੇ ਫਿਰਦਾ ਸੀ, ਪਰ ਮੈਨੂੰ ਇਹ ਵੀ ਪਤਾ ਨਹੀਂ ਸੀ ਕਿ ਇਹ ਸਿੱਖ ਸੀ ਜਾਂ ਹਿੰਦੂ! ਅੱਜ ਮੈਨੂੰ ਅਚਾਨਕ ਹੀ ਇਹ ਗੱਲ ਯਾਦ ਕਰਕੇ ਵੀ ਬੜਾ ਅਜੀਬ ਲੱਗਿਆ ਕਿ ਕਾਗਜ਼ਾਂ ਵਿਚ ਵੀ ਉਹਦਾ ਨਾਂ ਕੇਵਲ ਕਾਲਾ ਹੀ ਸੀ। ਨਾ ਕਾਲਾ ਸਿੰਘ, ਨਾ ਕਾਲਾ ਰਾਮ। ਪਹਿਲਾਂ ਕਦੀ ਮੇਰਾ ਇਸ ਨਿਰਾਰਥਕ ਗੱਲ ਵੱਲ ਧਿਆਨ ਹੀ ਨਹੀਂ ਸੀ ਗਿਆ। ਮੈਂ ਕਦੀ ਉਹਨੂੰ ਕੋਈ ਰੀਤ-ਰਸਮ ਕਰਦਿਆਂ ਵੀ ਨਹੀਂ ਸੀ ਦੇਖਿਆ; ਕੰਮ ਹੀ ਉਹਦੀ ਰੀਤ-ਰਸਮ ਸੀ। ਮੈਂ ਕਦੀ ਉਹਨੂੰ ਕੋਈ ਸ਼ਬਦ-ਸ਼ਲੋਕ ਉਚਾਰਦਿਆਂ ਵੀ ਨਹੀਂ ਸੀ ਸੁਣਿਆ; ਜੀ-ਜੀ, ਹਾਂਜੀ-ਹਾਂਜੀ ਹੀ ਉਹਦਾ ਸ਼ਬਦ-ਸ਼ਲੋਕ ਹੁੰਦਾ ਸੀ।

ਪਰ ਇਹ ਤਾਂ ਸ਼ਾਇਦ ਮੇਰੀ ਹੀ ਭੁੱਲ ਸੀ। ਉਹ ਕੁਝ ਤਾਂ ਹੋਵੇਗਾ ਹੀ। ਉਹ ਕੇਵਲ ਮਨੁੱਖ ਕਿਵੇਂ ਹੋ ਸਕਦਾ ਸੀ? ਉਹ ਸਿੱਖ ਮਨੁੱਖ ਹੋਵੇਗਾ ਜਾਂ ਹਿੰਦੂ ਮਨੁੱਖ! ਜੇ ਉਹ ਆਪ ਸਿੱਖ ਜਾਂ ਹਿੰਦੂ ਨਹੀਂ ਸੀ, ਤਾਂ ਉਹਦਾ ਪਿਉ ਅਤੇ ਉਹਦੇ ਪਿਉ ਦਾ ਪਿਉ ਤਾਂ ਸਿੱਖ ਜਾਂ ਹਿੰਦੂ ਹੋਣਗੇ ਹੀ — ਉਸ ਮੇਮਣੇ ਵਾਂਗ, ਜੀਹਦੇ ਪਿਉ ਜਾਂ ਪਿਉ ਦੇ ਪਿਉ ਨੇ ਬਘਿਆੜ ਦੇ ਪੀਣ ਵਾਲਾ ਨਦੀ ਦਾ ਪਾਣੀ ਗੰਧਲਾ ਅਤੇ ਜੂਠਾ ਕਰ ਦਿੱਤਾ ਸੀ।

ਮੇਜ਼ ਉਤੇ ਮੇਰੇ ਸਾਹਮਣੇ ਵਿਛਾਏ ਹੋਏ ਉਹਦੇ ਅਖਬਾਰ ਤੋਂ ਨਜ਼ਰ ਚੁੱਕ ਕੇ ਮੈਂ ਉਹਦੇ ਮੂੰਹ ਵੱਲ ਦੇਖਿਆ। ਇਹ ਕਾਲਾ, ਜੀਹਨੂੰ ਮੈਂ ਕੇਵਲ ਕਾਲੇ ਦੇ ਰੂਪ ਵਿਚ ਹੀ ਦੇਖਿਆ ਹੈ, ਆਖਰ ਕਾਲਾ ਸਿੰਘ ਹੈ ਜਾਂ ਕਾਲਾ ਰਾਮ? ਪਰ ਕਾਲਾ ਤਾਂ ਉਥੇ ਹੈ ਹੀ ਨਹੀਂ ਸੀ, ਨਾ ਕਾਲਾ ਸਿੰਘ ਦੇ ਰੂਪ ਵਿਚ ਅਤੇ ਨਾ ਕਾਲਾ ਰਾਮ ਦੇ ਰੂਪ ਵਿਚ। ਉਥੇ ਤਾਂ ਕਾਲੇ ਖਾਂ ਖਲੋਤਾ ਸੀ। ਮੇਰੇ ਪਿੰਡ ਵਾਲਾ ਕਾਲੇ ਖਾਂ। ਇਥੋਂ ਕਿੰਨੇ ਕੋਹ ਦੂਰ ਦੇ ਮੇਰੇ ਪਿੰਡ ਵਾਲਾ ਕਾਲੇ ਖਾਂ! ਅੱਜ ਤੋਂ ਕਈ ਸਾਲ ਪਹਿਲਾਂ ਵਾਲਾ, ਸਗੋਂ ਕਈ ਦਹਾਕੇ ਪਹਿਲਾਂ ਵਾਲਾ ਕਾਲੇ ਖਾਂ!

ਮੇਰੇ ਪਿੰਡ ਵਾਲੇ ਕਾਲੇ ਖਾਂ ਨੂੰ ਮਰਿਆਂ ਤੀਹ ਵਰ੍ਹੇ ਹੋ ਗਏ ਸਨ। ਪਰ ਉਹ ਫੇਰ ਮੇਰੇ ਸਾਹਮਣੇ ਖਲੋਤਾ ਸੀ। ਸਾਮਰਤੱਖ, ਆਪਣੇ ਪੂਰੇ ਕੱਦ-ਕਠ ਨਾਲ। ਇਹ ਕਾਲੇ ਖਾਂ ਸੀ ਜਾਂ ਕਾਲੇ ਖਾਂ ਦਾ ਭੂਤ? ਮਰਿਆਂ ਦੇ ਤਾਂ ਭੂਤ ਹੀ ਹੁੰਦੇ ਹਨ। ਤੇ ਭੂਤਾਂ ਬਾਰੇ ਕੇਵਲ ਸੁਣਿਆ ਜਾਂ ਪੜ੍ਹਿਆ ਹੀ ਜਾਂਦਾ ਹੈ, ਉਹ ਦਿਸਦੇ ਨਹੀਂ ਹੁੰਦੇ। ਉਹਨਾਂ ਨਾਲ ਕਦੀ ਕਿਸੇ ਦਾ ਸਾਹਮਣਾ ਨਹੀਂ ਹੁੰਦਾ। ਬਸ ਉਹਨਾਂ ਬਾਰੇ ਗੱਲਾਂ ਅਗੇ ਤੋਂ ਅੱਗੇ ਤੁਰਦੀਆਂ ਰਹਿੰਦੀਆਂ ਹਨ। ਪਰ ਹੁਣ ਜਦੋਂ ਤੀਹ ਵਰ੍ਹੇ ਪਹਿਲਾਂ ਮਰੇ ਕਾਲੇ ਖਾਂ ਦਾ ਭੂਤ ਮੇਰੇ ਸਾਹਮਣੇ ਖਲੋਤਾ ਸੀ, ਤਾਂ ਭੈ ਦੀ ਕੰਬਣੀ ਤਾਂ ਇਕ ਵਾਰ ਸਿਰ ਤੋਂ ਪੈਰਾਂ ਤੱਕ ਫਿਰ ਹੀ ਜਾਣੀ ਹੋਈ।

ਕਾਲੇ ਖਾਂ, ਨਾਂ ਤੋਂ ਹੀ ਸਪਸ਼ਟ ਹੈ, ਸਾਡੇ ਪਿੰਡ ਦੇ ਇਕ ਮੁਸਲਮਾਨ ਪਰਿਵਾਰ ਵਿਚੋਂ ਸੀ। ਪਰਿਵਾਰ ਵੀ ਕੀ। ਜਦੋਂ ਦਾਂ ਮੈਂ ਉਹਨੂੰ ਦੇਖ ਰਿਹਾ ਸੀ, ਉਹ ਇਕੱਲੀ ਜਾਨ ਸੀ। ਬੱਸ ਜੀਅ ਦਾ ਜੀਅ, ਦਮ ਦਾ ਦਮ। ਬੇਰੀ ਦੀਆਂ ਸੋਟੀਆਂ ਜੋੜ ਕੇ ਬਣਾਇਆ ਫਾਟਕ ਖੋਲ੍ਹ ਕੇ ਉਹ ਆਪਣੇ ਵਿਹੜੇ ਵਿਚ ਪੈਰ ਧਰਦਾ ਤਾਂ ਘਰ ਵਸ ਪੈਂਦਾ, ਨਹੀਂ ਤਾਂ ਸੁੰਨੇ ਕੱਚੇ ਮਕਾਨ ਦੀਆਂ ਅਣ-ਲਿੱਪੀਆਂ ਕੰਧਾਂ ਕਿਸੇ ਸੱਚਮੁੱਚ ਦੇ ਭੂਤ-ਘਰ ਵਾਂਗ ਹੀ ਭਾਂ-ਭਾਂ ਕਰਦੀਆਂ ਰਹਿੰਦੀਆਂ।

ਸਬੱਬ ਨਾਲ ਉਸ ਛੋਟੀ ਜਿਹੀ ਗਲੀ ਦੇ ਸਾਰੇ ਮਕਾਨ ਹੀ ਸਿੱਖ ਜੱਟਾਂ ਦੇ ਡੰਗਰਾਂ ਵਾਲੇ ਵਾੜੇ ਸਨ ਜਾਂ ਤੂੜੀ-ਨੀਰੇ ਵਾਲੇ ਕੋਠੜੇ। ਤੇ ਉਹਨਾਂ ਵਿਚ ਇਕ ਇਹ ਕਾਲੇ ਖਾਂ ਦਾ ਘਰ ਸੀ। ਪਰ ਪਿੰਡ ਵਾਲੇ ਪਤਾ ਨਹੀਂ ਕਿਉਂ, ਉਹਨੂੰ ਵੀ ਕਾਲੇ ਖਾਂ ਦਾ ਘਰ ਨਹੀਂ ਸੀ ਆਖਦੇ, ਕਾਲੇ ਖਾਂ ਦਾ ਵਾੜਾ ਹੀ ਆਖਦੇ। ਓਦੋਂ ਮੈਨੂੰ ਪਿੰਡ ਵਾਲਿਆਂ ਦੀ ਅਕਲ ਉਤੇ ਹਾਸਾ ਆਉਂਦਾ ਸੀ, ਪਰ ਹੁਣ ਲਗਦਾ ਹੈ ਕਿ ਉਹ ਠੀਕ ਹੀ ਸਨ। ਕਾਲੇ ਖਾਂ ਵਰਗਿਆਂ ਦੇ, ਸ਼ਾਇਦ, ਘਰ ਨਹੀਂ ਹੁੰਦੇ, ਵਾੜੇ ਹੀ ਹੁੰਦੇ ਹਨ।

ਪਿੱਛੇ ਇਕ ਕੱਚੀ ਕੋਠੜੀ ਸੀ, ਜੀਹਦੇ ਚੌੜੀਆਂ-ਚੌੜੀਆਂ ਵਿਰਲਾਂ ਵਾਲੇ ਤਖਤੇ ਸਨ। ਨਾ ਕੋਈ ਖਿੜਕੀ, ਨਾ ਕੋਈ ਮੋਘਾ। ਜਦੋਂ ਕਦੀ ਅਸੀਂ ਛੋਟੇ-ਛੋਟੇ ਮੁੰਡਿਆਂ ਨੇ ਆਮ ਕਰਕੇ ਸੁੰਨੀ ਰਹਿੰਦੀ ਉਸ ਗਲੀ ਵਿਚੋਂ ਦੀ ਲੰਘਣਾ, ਇਹਨਾਂ ਵਿਰਲਾਂ ਵਿਚੋਂ ਦੀ ਸਿਖਰ-ਦੁਪਹਿਰੇ ਵੀ ਝਾਕ ਰਿਹਾ ਕੋਠੜੀ ਦਾ ਹਨੇਰਾ ਬੜਾ ਡਰਾਉਣਾ ਅਤੇ ਰਹੱਸ-ਭਰਿਆ ਲੱਗਣਾ। ਕਦੀ ਕੋਈ ਸ਼ੈਤਾਨ ਮੁੰਡਾ ਕਾਲੇ ਦੇ ਵਾੜੇ ਦੇ ਸਾਹਮਣੇ ਅਚਾਨਕ ਨਾਲ ਦੇ ਕਿਸੇ ਦੂਜੇ ਮੁੰਡੇ ਨੂੰ ਉਹਦੇ ਫਾਟਕ ਵੱਲ ਧੱਕਾ ਦੇ ਦਿੰਦਾ। ਬਾਕੀ ਸਾਰੇ ਮੁੰਡੇ ਭੂਤ-ਭੂਤ ਕਹਿੰਦੇ ਹੋਏ ਭੱਜ ਪੈਂਦੇ ਅਤੇ ਡਿੱਗਿਆ ਹੋਇਆ ਮੁੰਡਾ ਡਰਿਆ ਹੋਇਆ ਛੇਤੀ-ਛੇਤੀ ਉਠਦਾ ਅਤੇ ਕੱਪੜੇ ਝਾੜਦਾ ਤੇ ਗਾਲ੍ਹਾਂ ਦਿੰਦਾ ਹੋਇਆ ਸਭਨਾਂ ਦੇ ਪਿੱਛੇ-ਪਿੱਛੇ ਭੱਜਦਾ। ਉਹ ਸੱਚਮੁਚ ਇਉਂ ਘਬਰਾਇਆ ਹੋਇਆ ਹੁੰਦਾ ਜਿਵੇਂ ਕਾਲੇ ਖਾਂ ਦੇ ਵਾੜੇ ਦੇ ਫਾਟਕ ਵਿਚ ਨਹੀਂ ਸਗੋਂ ਕਿਸੇ ਭੂਤ-ਪ੍ਰੇਤ ਵਿਚ ਹੀ ਜਾ ਵੱਜਿਆ ਹੋਵੇ।

ਕੋਠੜੀ ਦੇ ਬਾਹਰ, ਸੱਜੇ ਹੱਥ ਕਾਲੇ ਖਾਂ ਨੇ ਇਕ ਸਤੀਰ ਛਤਿਆ ਹੋਇਆ ਸੀ। ਛੋਟੇ ਜਿਹੇ ਇਸ ਛਤੜੇ ਹੇਠ ਬਸ ਇਕ ਕੱਚਾ ਚੁੱਲ੍ਹਾ ਸੀ ਅਤੇ ਉਹਦਾ ਸਹਾਰਾ ਲੈ ਕੇ ਖਲੋਤਾ ਹੋਇਆ ਇਕ ਪੁਰਾਣਾ ਤਵਾ ਸੀ, ਜੀਹਦੇ ਕੰਢੇ ਮੱਚ-ਮੱਚ ਕੇ ਭੁਰ ਰਹੇ ਸਨ। ਭੂਤਾਂ ਦੇ ਡੇਰੇ ਵਾਂਗ ਇਸ ਚੁਲ੍ਹੇ-ਚੌਂਕੇ ਵਿਚ ਉਸ ਸਮੇਂ ਹੀ ਰੌਣਕ ਹੁੰਦੀ, ਜਦੋਂ ਕਦੀ ਕਾਲੇ ਖਾਂ ਨੇ ਇਥੇ ਕੁਝ ਰਿੰਨ੍ਹਣਾ-ਪਕਾਉਣਾ ਹੁੰਦਾ। ਉਹਦੀ ਆਟਾ ਗੁੰਨ੍ਹਣ ਵਾਲੀ ਮਿੱਟੀ ਦੀ ਕੁਨਾਲੀ, ਮਿੱਟੀ ਦਾ ਥਪਣਾ, ਚਿਮਟਾ ਅਤੇ ਫੂਕਣੀ ਸੁੰਨੇ ਛਤੜੇ ਨੂੰ ਰੰਗ-ਭਾਗ ਲਾ ਦਿੰਦੇ। ਤੇ ਜਦੋਂ ਉਹ ਘਰੋਂ ਬਾਹਰ ਜਾਣ ਲੱਗਿਆ

ਬਾਕੀ ਪੰਨਾ 20 'ਤੇ

ਫੁਲੇਲ ਸਿੰਘ

ਗ਼ਜ਼ਲ

ਕਿਸ ਕਿਸ ਦਿਲ ਦੀ ਵੇਦਨ ਕਹੀਏ ਕੀ ਕੀ ਦਰਦ ਸਮੋਏ।
ਹਰ ਮਸਤਕ ਵਿਚ ਲੱਖ ਲੱਖ ਤਾਰੇ ਕੀਚਰ ਕੀਚਰ ਹੋਏ।
ਤੇਰੇ ਮੂੰਹ ਦੀ ਚੂਲੀ ਚੂਲੀ ਤਿੱਪ ਤਿੱਪ ਕਰਕੇ ਪੀਈਏ।
ਮਨ ਦੀ ਬਿਜਲੀ ਲੀਰੋ ਲੀਰਾਂ ਕਛੀਂ ਹੱਥ ਲਕੋਏ।
'ਹਉਂ' ਭਾਲਿ ਵਿਕੁੰਨੀ ਹੋਈ ਆਧੇਰੇ ਰਾਹ ਨਾ ਕੋਈ,
ਤੂੰ ਵੀ ਕਿਧਰੇ ਲੁਕ ਕੇ ਬਹਿ ਗਈ ਸੱਜਣਾਂ ਦੀ ਖੁਸ਼ਬੋਏ।
ਕਿਹੇ ਬਾਬਲ ਕਿਹੇ ਰਿਸ਼ਤੇ ਕਿਹੇ ਧੀ ਵਰ ਲੋੜੇ,
ਕਿਹੜੇ ਅਸੀਂ ਬੇ ਮੂਹ ਪੱਤਣੀਂ ਪਿੰਡੇ ਆਣ ਡੁਬੋਏ।
ਅੰਙਣ ਅੰਙਣ ਦੇ ਵਿਚ ਮਾਏ ਛਾਈਆਂ ਅੰਬਰ ਵੇਲਾਂ,
ਕੁਆਰੇ ਪਣ ਦੀ ਸਿਖਰ ਦੁਪਹਿਰੇ ਦੱਸ ਮਾਂ ਕੌਣ ਖਲੋਏ।
ਮਾਏ ਨੀਂ ਦੱਸ ਕਿਹੜੀ ਧੁੱਪੜੀ ਕਾਇਆਂ ਸੁੱਕਣੀ ਪਾਈਏ,
ਕਿਸ ਯੋਗੀ ਦੀ ਧੂਣੀ ਤਪੇ ਰੰਗ ਨਵੇਲਾ ਹੋਏ।

BOMBAY SWEETS
MANUFACTURER INC.

ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼
ਵਲੋਂ

ਕੈਨੇਡਾ ਡੇ ਦੀਆਂ ਸ਼ੁਭ-ਇਛਾਵਾਂ

ਲੌਂਗ ਵੀਕ-ਇੰਡ ਉਤੇ

ਬੰਬੇ ਸਵੀਟਸ ਦੀ ਦੁਕਾਨ ਉਤੇ ਪੁੱਜੋ

ਗਰਮੀਆਂ ਲਈ ਸਪੈਸ਼ਲ ਰਸਮਲਾਈ ਤੇ ਕੁਲਫੀ

ਬੰਬੇ ਸਵੀਟ ਤੇ ਮਠਿਆਈ ਬਾਜ਼ਾਰ ਸਜਣਗੇ

ਬੀ. ਸੀ. ਵਿਚ ਸਭ ਤੋਂ ਵੱਡੀ ਤੇ ਸਾਫ ਸੁਥਰੀ ਭਾਰਤੀ ਮਠਿਆਈਆਂ ਦੀ ਦੁਕਾਨ:

ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਬੇਸਣ, ਮੇਸੂ, ਪਤੀਸਾ, ਬਰਫੀ, ਗਾਜਰ ਪਾਕ, ਲੱਡੂ ਮੋਤੀਚੂਰ, ਪੇਠਾ, ਗੁਲਾਬ ਜਾਮਨ, ਰਸਗੁੱਲਾ, ਬਦਾਨਾ, ਜਲੇਬੀਆਂ, ਅੰਮਰਤੀਆਂ, ਸ਼ਕਰਪਾਰੇ, ਰਸਭਰੀ, ਖੋਏ ਦੀ ਬਰਫੀ, ਕੋਕੋਨਟ ਦੀ ਬਰਫੀ, ਚਾਕਲੇਟ ਦੀ ਬਰਫੀ, ਪਿਸਤੇ ਦੀ ਬਰਫੀ, ਕਾਜੂ ਦੀ ਬਰਫੀ, ਬਦਾਮਾਂ ਦੀ ਬਰਫੀ, ਚਮ ਚਮ, ਮਿਲਕ ਕੇਕ, (ਤੁਸੀਂ ਪਾਰਟੀਆਂ ਲਈ ਵੀ ਆਰਡਰ ਦੇ ਸਕਦੇ ਹੋ) (ਖੋਏ ਦਾ ਮਿਲਕ ਕੇਕ, ਜੋਕਿ ਤੁਸੀਂ ਪਾਰਟੀਆਂ ਲਈ ਵੀ ਲੈ ਸਕਦੇ ਹੋ) ਨਮਕੀਨ :- ਭੁਜੀਆ, ਮੋਗੋ ਚਿਪਸ ਤੇ ਹੋਰ ਕਈ ਸਨੈਕ ਹਰ ਸਮੇਂ ਮਿਲਣਗੇ!

ਬੰਬੇ ਸਵੀਟਸ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

ਦੁਕਾਨ 9 ਵਜੇ ਸਵੇਰ ਤੋਂ ਸ਼ਾਮ ਦੇ 9 ਵਜੇ ਤੱਕ ਖੁਲ੍ਹੀ ਰਹਿੰਦੀ ਹੈ

6556-6560 Main St., Vancouver
PH: 321-1414 or 874-5722

ਪੰਨਾ 18 ਦੀ ਬਾਕੀ

ਇਹ ਸਭ ਕੁਝ ਸਮੇਟ ਕੇ ਕੋਠੜੀ ਵਿਚ ਰੱਖ ਜਾਂਦਾ, ਭੂਤਾਂ ਦੇ ਉਠ ਚੁੱਕੇ ਡੇਰੇ ਵਾਂਗ ਹੀ ਪਿੱਛੇ ਬੱਸ ਅੱਧ-ਮਚੇ ਛਟੀਆਂ-ਕਾਨੇ ਰਹਿ ਜਾਂਦੇ ਜਾਂ ਚੁਲ੍ਹੇ ਦੀਆਂ ਕੰਧਾਂ ਵਿਚਕਾਰ ਫਸੀ ਹੋਈ ਸੁਆਹ, ਜੋ ਹਵਾ ਦੇ ਬੁੱਲਿਆਂ ਨਾਲ ਸਰਕ-ਸਰਕ ਕੇ ਵਿਹੜੇ ਵਿਚ ਖਿੰਡਦੀ ਰਹਿੰਦੀ।

ਹੁਣ ਜਦੋਂ ਕਾਲੇ ਖਾਂ ਦਾ ਭੂਤ ਮੇਰੇ ਸਾਹਮਣੇ ਖਲੋਤਾ ਸੀ, ਉਹਦੇ ਪਿਛੋਂ ਮੇਰੇ ਦਫਤਰ ਦੇ ਕਮਰੇ ਦੀ ਕੰਧ ਅਲੋਪ ਹੋ ਗਈ ਅਤੇ ਮੇਰੀਆਂ ਅੱਖਾਂ ਅੱਗੇ ਉਹੋ ਕਾਲੇ ਖਾਂ ਦਾ ਵਾੜਾ ਸਾਕਾਰ ਹੋ ਗਿਆ। ਹੁਣ ਕਾਲੇ ਖਾਂ ਮੇਰੇ ਸਾਹਮਣੇ ਮੇਰੇ ਦਫਤਰ ਵਿਚ ਨਹੀਂ, ਸਗੋਂ ਆਪਣੇ ਵਾੜੇ ਦੇ ਵਿਹੜੇ ਵਿਚ ਖਲੋਤਾ ਹੋਇਆ ਸੀ, ਆਪਣੀ ਕੋਠੜੀ ਦੇ ਸਾਹਮਣੇ, ਜੀਹਦੇ ਬੰਦ ਤਖਤਿਆਂ ਦੀਆਂ ਚੌੜੀਆਂ ਵਿਰਲਾਂ ਵਿਚੋਂ ਹਨੇਰਾ ਅਜੇ ਵੀ ਉਸੇ ਤਰ੍ਹਾਂ ਬਾਹਰ ਝਾਕ ਰਿਹਾ ਸੀ।

ਕਾਲੇ ਖਾਂ ਮੁਸਲਮਾਨ ਤਾਂ ਸੀ, ਪਰ ਕੌਣ ਮੁਸਲਮਾਨ ? ਸਾਡੇ ਪਿੰਡ ਮੁਸਲਮਾਨ ਸਾਰੇ ਕੰਮੀ ਸਨ, ਗਰੀਬੜੇ ਜਿਹੇ, ਨਿਮਾਣੇ ਜਿਹੇ—ਘੁਮਿਆਰ, ਤੇਲੀ ਅਤੇ ਜੁਲਾਹੇ। ਉਹ ਪਿੰਡ ਦੇ ਘਰਾਂ ਦੇ ਆਪਣੇ-ਆਪਣੇ ਹਿੱਸੇ ਆਏ ਹੋਏ ਕੰਮਧੰਦੇ ਕਰਦੇ। ਉਹ ਮਿੱਟੀ ਦੇ ਭਾਂਡੇ ਬਣਾਉਂਦੇ, ਸਰ੍ਹੋਂ ਪੀੜਦੇ ਅਤੇ ਖੱਦਰ ਖੇਸ ਬੁਣਦੇ। ਪਰ ਕਾਲੇ ਖਾਂ ਪਤਾ ਨਹੀਂ ਕਿਨ੍ਹਾਂ ਵਿਚੋਂ ਸੀ। ਜੇ ਉਹਦੇ ਵਾੜੇ ਦੇ ਨਾਲ ਲਗਦੇ ਹੋਏ ਮੁਸਲਮਾਨਾਂ ਦੇ ਕੁਝ ਘਰ ਹੋਰ ਹੁੰਦੇ, ਮੈਂ ਹੁਣ ਉਹਨਾਂ ਤੋਂ ਹੀ ਅੰਦਾਜ਼ਾ ਲਾ ਲੈਂਦਾ। ਪਰ ਉਹਦਾ ਤਾਂ ਇਕੱਲਾ ਵਾੜਾ ਸੀ, ਜੱਟਾਂ-ਸਿੱਖਾਂ ਦੇ ਪਸ਼ੂਆਂ ਵਾਲੇ ਵਾੜਿਆਂ ਅਤੇ ਤੂੜੀ-ਨੀਰੇ ਵਾਲੇ ਕੋਠਿਆਂ ਦੇ ਵਿਚਕਾਰ। ਪਿੰਡ ਵਾਲਿਆਂ ਨੂੰ ਤਾਂ ਉਹਦੇ ਪਿਛੋਕੇ ਦਾ ਪਤਾ ਹੋਵੇਗਾ ਹੀ। ਪਰ ਮੈਂ ਤਾਂ ਓਦੋਂ ਅਜੇ ਬੱਚਾ ਸੀ। ਉਹਦੇ ਪਿਛੋਕੇ ਦੀ ਗੱਲ ਮੇਰੀ ਜਾਣਕਾਰੀ ਵਿਚ ਨਹੀਂ ਸੀ। ਹੁਣ ਨਾ ਇਹ ਜਾਨਣ ਦਾ ਕੋਈ ਸਾਧਨ ਹੈ ਅਤੇ ਨਾ ਸ਼ਾਇਦ ਇਹਦੀ ਕੋਈ ਲੋੜ ਹੀ ਹੈ। ਕਾਲੇ ਖਾਂ ਆਪ ਕੁਝ ਵੀ ਨਹੀਂ ਸੀ। ਨਾ ਘੁਮਿਆਰ, ਨਾ ਤੇਲੀ ਅਤੇ ਨਾ ਜੁਲਾਹਾ। ਹਾਂ, ਉਹਦੇ ਮਾਪੇ ਜਾਂ ਮਾਪਿਆਂ ਦੇ ਮਾਪੇ, ਬਘਿਆੜ ਦਾ ਪਾਣੀ ਗੰਧਲਾ ਅਤੇ ਜੂਠਾ ਕਰਨ ਵਾਲੇ ਮੇਮਣੇ ਦੇ ਪਿਉ ਜਾਂ ਪਿਉ ਦੇ ਪਿਉ ਵਾਂਗ, ਜ਼ਰੂਰ ਕੁਝ ਹੋਣਗੇ—ਘੁਮਿਆਰ ਤੇਲੀ ਜਾਂ ਜੁਲਾਹੇ। ਪਰ ਉਹਦੇ ਵੱਡ-ਵਡੇਰੇ ਕੁਝ ਵੀ ਰਹੇ ਹੋਣ, ਇਹਦੇ ਨਾਲ ਅਸਲ ਗੱਲ ਵਿਚ ਕੋਈ ਫਰਕ ਨਹੀਂ ਪੈਂਦਾ।

ਕਾਲੇ ਖਾਂ ਦੇ ਮਾਪਿਆਂ ਨੂੰ ਮੇਰੇ ਦੇਖਣ ਦਾ ਸਵਾਲ ਕਿਥੇ ਸੀ। ਮੈਂ ਜਦੋਂ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ, ਕਾਲੇ ਖਾਂ ਬੁੜ੍ਹਾ ਹੋ ਚੁਕਿਆ ਸੀ। ਦੁੱਧ-ਚਿੱਟੀ ਉਹਦੀ ਦਾੜ੍ਹੀ ਸੀ, ਬਿਲਕੁਲ ਜੱਗਰ ਸਿੰਘ ਦਾ ਦਾੜ੍ਹੀ ਵਰਗੀ ਜੀਹਨੂੰ ਕੀਰਤਨ ਸਮੇਂ ਢੋਲਕੀ ਵਜਾਉਂਦਾ ਹੋਣ ਕਰਕੇ ਸਾਰੇ ਪਿੰਡ ਦੇ ਲੋਕ "ਜੱਗਰ ਸਿਉਂ ਢੋਲਕੀ-ਵਾਲਾ" ਕਿਹਾ ਕਰਦੇ ਸਨ। ਬੱਸ ਜੱਗਰ ਸਿੰਘ ਦੀ ਮੁੱਛ-ਦਾੜ੍ਹੀ ਅਤੇ ਕਾਲੇ ਖਾਂ ਦੀ ਮੁੱਛ-ਦਾੜ੍ਹੀ ਵਿਚ ਇਕ ਫਰਕ ਸੀ—ਜੱਗਰ ਸਿੰਘ ਦੀਆਂ ਮੁੱਛਾਂ ਸਾਬਤੀਆਂ ਸਨ, ਭਰਵੇਂ ਰੇਸ਼ਮੀ ਮੁਛਹਿਰੇ, ਅਤੇ ਕਾਲੇ ਖਾਂ ਦੀਆਂ ਮੁੱਛਾਂ ਨੱਕ ਹੇਠੋਂ ਕਤਰੀਆਂ ਹੋਈਆਂ ਹੁੰਦੀਆਂ ਸਨ, ਜੋ ਸਾਨੂੰ ਛੋਟੇ-ਛੋਟੇ ਮੁੰਡਿਆਂ ਨੂੰ ਓਦੋਂ ਬੜੀਆਂ ਅਜੀਬ ਲਗਦੀਆਂ ਹੁੰਦੀਆਂ ਸਨ।

ਕਾਲੇ ਖਾਂ ਨੇ ... ਇਹ ਪੂਰਾ ਨਾਂ, ਕਾਲੇ ਖਾਂ ਵੀ ਮੈਂ ਪਤਾ ਨਹੀਂ ਕਿਉਂ ਲੈਣ ਲੱਗ ਪਿਆ ਹਾਂ। ਸ਼ਾਇਦ ਪੜ੍ਹ-ਲਿਖ ਕੇ ਕੁਝ ਇੱਜ਼ਤ ਨਾਲ ਬੋਲਣਾ ਆ ਗਿਆ ਹੈ ਜਾਂ ਇਉਂ ਬੋਲਣ ਦੀ ਇਕ ਆਦਤ ਜਿਹੀ ਪੈ ਗਈ ਹੈ। ਨਹੀਂ ਤਾਂ ਪਿੰਡ ਤਾਂ ਸਾਰਾ ਉਹਨੂੰ ਕਾਲਾ ਹੀ ਆਖਦਾ ਸੀ। ਹਾਂ, ਪਿੰਡ ਵਿਚ ਕਿਉਂਕਿ ਉਹਦੇ ਸਮੇਤ ਕਈ ਕਾਲੇ ਸਨ, ਲੋਕਾਂ ਨੇ ਨਿਖੇੜੇ ਲਈ ਹਰੇਕ ਨਾਲ ਇਕ-ਇਕ ਸ਼ਬਦ ਵਿਸ਼ੇਸ਼ਣ ਵਜੋਂ ਹੋਰ ਜੋੜ ਲਿਆ ਸੀ, ਜਿਵੇਂ ਕਾਲਾ ਰਾਮ ਹਟਵਾਣੀਏ ਨੂੰ ਮਹਿੰਗਾ ਭਾਅ ਲਾ ਕੇ ਵੀ ਘੱਟ ਜੋਖਦਾ ਹੋਣ ਕਰਕੇ ਉਹ ਕਾਲਾ ਚੋਰ ਆਖਦੇ, ਕਾਲਾ ਸਿੰਘ ਜੱਟ ਨੂੰ ਖੁਲ੍ਹੇ ਹੱਡਾਂ-ਪੈਰਾਂ ਨਾਲ ਬੇਢਬੇ ਸਰੀਰ ਵਾਲਾ ਹੋਣ ਕਰਕੇ ਉਹ ਕਾਲਾ ਡੌਂਚਲ ਆਖਦੇ, ਕਾਲਾ ਸਿੰਘ ਹੌਲਦਾਰ ਨੂੰ ਹਰਤੇ-ਕਰਤੇ ਫੌਜ ਦੀਆਂ ਗੱਲਾਂ ਹੀ ਕਰਦਾ ਰਹਿਣ ਕਰਕੇ ਉਹ ਕਾਲਾ ਕਮਾਂਡਰ ਆਖਦੇ ਅਤੇ ਏਸ ਕਾਲੇ ਖਾਂ ਨੂੰ ਕਾਲਾ ਚੌਕੀਦਾਰ !

ਅਸਲ ਵਿਚ ਕਾਲਾ ਜੇ ਚੌਕੀਦਾਰ ਨਾ ਹੁੰਦਾ, ਕੁਝ ਵੀ ਨਾ ਹੁੰਦਾ। ਉਹ ਕਾਲਾ ਘੱਟ ਸੀ, ਚੌਕੀਦਾਰ ਬਹੁਤਾ। ਇਹ ਇਸ ਕਰਕੇ ਨਹੀਂ ਸੀ ਕਿ "ਕਾਲੇ" ਨੂੰ ਦੋ ਅੱਖਰ ਲਗਦੇ ਹਨ ਅਤੇ "ਚੌਕੀਦਾਰ" ਨੂੰ ਚਾਰ। ਉਂਜ ਵੀ ਕਾਲਾ ਜੇ ਚੌਕੀਦਾਰ ਨਾ ਹੁੰਦਾ, ਕੁਝ ਹੋਰ ਹੁੰਦਾ, ਕੁਝ ਵੀ ਹੋਰ, ਕਾਲਾ ਘੁਮਿਆਰ, ਕਾਲਾ ਤੇਲੀ ਜਾਂ ਕਾਲਾ ਜੁਲਾਹਾ, ਕਿਸੇ ਨੇ ਉਹਦੀ ਹੋਂਦ ਗੌਲਣੀ ਹੀ ਨਹੀਂ ਸੀ। ਪਿੰਡ ਦੇ ਕੰਮੀਆਂ ਨਾਲ ਵਰਤੋਂ-ਵਿਹਾਰ ਤਾਂ ਜੱਟਾਂ ਦੇ ਘਰਾਂ ਦੀਆਂ ਤੀਵੀਆਂ ਨੂੰ ਰੱਖਣਾ ਪੈਂਦਾ ਸੀ। ਮਿੱਟੀ ਦੇ ਭਾਂਡੇ ਲੈਣ, ਸਰ੍ਹੋਂ ਦੀ ਘਾਣੀ ਕਢਾਉਣ ਜਾਂ ਖੱਦਰ ਦਾ ਲੀੜਾ-ਕੱਪੜਾ ਬੁਣਵਾਉਣ ਜੱਟੀਆਂ ਨੇ ਹੀ ਉਹਨਾ ਦੇ ਘਰੀਂ ਜਾਣਾ-ਆਉਣਾ ਹੁੰਦਾ ਜਾਂ ਉਹਨਾਂ ਨੇ ਜੱਟੀਆਂ ਕੋਲ ਆਉਣਾ-ਜਾਣਾ ਹੁੰਦਾ। ਕਾਲਾ ਜੇ ਚੌਕੀਦਾਰ ਹੋਣ ਦੀ ਥਾਂ ਘੁਮਿਆਰ, ਤੇਲੀ ਜਾਂ ਜੁਲਾਹਾ ਹੁੰਦਾ, ਤਾਂ ਜੱਟੀਆਂ ਭਲਾ ਵਸਦੇ ਘਰਾਂ ਵਾਲੇ, ਬਾਲ-ਬੱਚਿਆਂ ਵਾਲੇ ਕੰਮੀਆਂ ਨਾਲ ਵਰਤੋਂ-ਵਿਹਾਰ ਕਰਦੀਆਂ ਜਾਂ ਸੁੰਨੀ ਗਲੀ ਵਿਚਕਾਰ ਸੁੰਨੇ ਵਾੜੇ ਵਿਚ ਰਹਿੰਦੇ ਕੱਲ-ਮੁਕੱਲੇ ਕਾਲੇ ਨਾਲ ? ਸੋ ਕਾਲਾ ਚੌਕੀਦਾਰ ਅਸਲ ਵਿਚ ਕਾਲਾ ਘੱਟ ਸੀ, ਚੌਕੀਦਾਰ ਬਹੁਤਾ। ਸਗੋਂ ਉਹ ਬੱਸ ਚੌਕੀਦਾਰ ਹੀ ਸੀ।

ਕਾਲੇ ਵਰਗਾ ਚੌਕੀਦਾਰ ਵੀਹ-ਵੀਹ ਕੋਹ ਤੱਕ ਨਾ ਹੋਣ ਬਾਰੇ ਤਾਂ, ਮੇਰੇ ਯਾਦ ਹੈ, ਪਿੰਡ ਦੇ ਲੋਕ ਆਮ ਹੀ ਗੱਲਾਂ ਕਰਿਆ ਕਰਦੇ ਸਨ। ਸ਼ਾਇਦ ਮੇਰੇ ਪਿੰਡ ਦੇ ਲੋਕਾਂ ਦੀ ਕਲਪਨਾ ਦੀ ਉਡਾਣ ਵੀਹ ਕੋਹ ਤੱਕ ਹੀ ਹੋ ਸਕਦੀ ਸੀ। ਪਰ ਕੀ ਪਤਾ ਉਹਤੋਂ ਪਰ੍ਹੇ ਵੀ ਕੋਈ ਉਹਦੇ ਵਰਗਾ ਹੈ ਸੀ ਜਾਂ ਨਹੀਂ। ਤੇ ਵੀਹ-ਵੀਹ ਕੋਹ ਤੱਕ ਉਹਨੂੰ ਨਿਵੇਕਲਾ ਬਣਾਉਣ ਵਾਲੀ ਉਹਦੀ ਸਿਫਤ ਸੀ ਚੌਕੀਦਾਰ ਵਜੋਂ ਉਹਦੀ ਆਵਾਜ਼।

ਜੇ ਕਦੀ ਕਾਲੇ ਖਾਂ ਬੀਮਾਰ ਹੋ ਜਾਂਦਾ ਜਾਂ ਕਿਸੇ ਕਾਰਨ ਪਿੰਡੋਂ ਬਾਹਰ ਚਲਿਆ ਜਾਂਦਾ ਅਤੇ ਪਿੰਡ ਵਿਚ ਕੋਈ ਹੋਕਾ ਦੇਣਾ ਪੈ ਜਾਂਦਾ, ਤਾਂ ਇਹ ਕੰਮ ਮੁੱਚਰ ਮਜ਼ਬੀ ਜਾਂ ਸੁਰਮਚੂ ਨਾਈ ਦੇ ਜ਼ਿੰਮੇ ਲਗਦਾ। ਤਿੰਘਦੇ ਤਾਂ ਉਹ ਬੜਾ, ਪਰ ਗੱਲ ਬਣਦੀ ਨਾ। ਹੋਕੇ ਦੇ ਉਹਨਾਂ ਦੇ ਬੋਲ ਚਾਰ ਘਰਾਂ ਤੋਂ ਅੱਗੇ ਨਾ ਲੰਘਦੇ ਅਤੇ ਮਗਰੋਂ ਬੱਸ ਲੇਰ ਜਿਹੀ, ਕੂਕ ਜਿਹੀ ਹਵਾ ਵਿਚ ਫੈਲ ਜਾਂਦੀ। ਪਿੰਡ ਦੇ ਲੋਕ ਬੁੜਬੁੜ ਕਰਦੇ ਹੋਏ ਪਹਿਲਾਂ ਉਹਨਾਂ ਨੂੰ ਤੇ ਉਹਨਾਂ ਦੀਆਂ ਜੰਮਣ-ਵਾਲੀਆਂ ਨੂੰ ਗਾਲ੍ਹਾਂ ਦਿੰਦੇ ਅਤੇ ਮਗਰੋਂ ਹੱਥਲਾ ਕੰਮ ਜਾਂ ਥਾਲੀ ਵਿਚ ਪਈ ਹੋਈ ਰੋਟੀ ਵਿਚਾਲੇ ਛੱਡ ਕੇ ਹੱਕਾ ਜਾਨਣ ਲਈ ਘਰਾਂ ਤੋਂ ਬਾਹਰ ਨਿਕਲ-ਨਿਕਲ ਆਖਦੇ, "ਮਾਂ ਦਿਆ ਚੌਕੀਦਾਰਾ, ਹੱਕਾ ਦੇਣ ਤੋਂ ਪਹਿਲਾਂ ਕੁਛ ਖਾ-ਪੀ ਲੈਣਾ ਸੀ, ਬੋਲ ਵਿਚ ਮਾੜੀ-ਮੋਟੀ ਜਾਨ ਪੈ ਜਾਂਦੀ !" ਤੇ ਫੇਰ ਉਹ ਹੋਕਾ ਪੁੱਛਣ ਤੋਂ ਵੀ ਪਹਿਲਾਂ ਇਕੋ ਸਵਾਲ ਕਰਦੇ, "ਕਾਲੇ ਨੂੰ ਕੀ ਬਿੱਜ ਪੈ ਗਈ ਅੱਜ ?"

ਕਾਲੇ ਖਾਂ ਟਿਕੀ ਹੋਈ ਆਥਣ ਵਿਚ ਇਕ ਥਾਂ ਖਲੋ ਕੇ ਹੱਕਾ ਦਿੰਦਾ ਤਾਂ ਉਹਦੀ ਆਵਾਜ਼ ਟੱਲੀ ਦੀ ਟੁਣਕਾਰ ਵਾਂਗ ਚਾਰ-ਚੁਫੇਰੇ ਦੂਰ-ਦੂਰ ਤੱਕ ਫੈਲ ਜਾਂਦੀ। "ਕੱਲ੍ਹ ਨੂੰ ... ਤਸੀਲਦਾਰ .... ਪੱਕੀ ਧਰਮਸ਼ਾਲਾ ਆਊ ... ਇੰਤਕਾਲਾਂ ਵਾਲੇ .. ਪਹੁੰਚਿਉ ਭਾਈ ਓਇ ... ਇ.... ਇ... ਇ !" "ਕੱਲ੍ਹ ਨੂੰ ... ਬੋਹੜਾਂ ਵਾਲੀ ਢਾਬ ਦੀ ... ਮਿੱਟੀ ਕੱਢਣੀ ਐ ... ਘਰ-ਘਰ ਦਾ ਬੰਦਾ ... ਪਹੁੰਚਿਉ ਭਾਈ ਓਇ ... ਇ .... ਇ... ਇ !" "ਕੁੰਢਾ ਸਿਉਂ ਗੋਡਲ ਦੀ ... ਕਾਲੀ ਢਾਲ-ਤਲਵਾਰੀ ਮੈਂਸ ... ਗੁਆਚ ਗਈ...ਕਿਸੇ ਨੇ ਕਿਧਰੇ... ਦੇਖੀ ਹੋਵੇ ਭਾਈ ਓਇ ...ਇ...ਇ...ਇ !"

ਕਾਲੇ ਦੇ ਹੱਕੇ ਦੀ ਇਹ ਆਵਾਜ਼ ਛੱਤਾਂ ਉਤੇ ਫੈਲ ਜਾਂਦੀ, ਪੌੜੀਆਂ ਉਤਰ ਕੇ ਵਿਹੜਿਆਂ ਵਿਚ ਵਿਛ ਜਾਂਦੀ ਅਤੇ ਦਰਵਾਜ਼ਿਆਂ-ਬਾਰੀਆਂ ਵਿਚੋਂ ਦੀ ਲੰਘਦੀ ਹੋਈ ਬੈਠਕਾਂ, ਬਰਾਂਡਿਆਂ ਤੇ ਸਭਾਤਾਂ ਵਿਚ ਜਾ ਪੁਜਦੀ।

ਜੇ ਇਹ ਆਵਾਜ਼ ਨਾ ਹੁੰਦੀ, ਕਾਲੇ ਖਾਂ ਵੀ ਚੌਕੀਦਾਰ ਨਾ ਹੁੰਦਾ। ਉਹ ਚੌਕੀਦਾਰ ਨਾ ਹੁੰਦਾ, ਤਾਂ ਉਹ ਕੁਝ ਵੀ ਨਾ ਹੁੰਦਾ। ਉਹਦੇ ਵਰਗੇ ਅਣਹੋਏ ਸਾਡੇ ਪਿੰਡ ਵਿਚ, ਪਿੰਡ-ਪਿੰਡ ਵਿਚ ਹੋਰ ਬਥੇਰੇ ਸਨ।

ਇਸੇ ਆਵਾਜ਼ ਸਦਕਾ ਕਾਲੇ ਖਾਂ ਨੂੰ ਬਹੁਤ ਵਾਰ ਚਾਹ-ਰੋਟੀ ਬਾਹਰੋਂ ਹੀ ਮਿਲ ਜਾਂਦੀ ਅਤੇ ਆਪ ਹੱਥ ਨਾ ਫੂਕਣੇ ਪੈਂਦੇ। ਸਰਕਾਰੀ ਕੰਮਾਂ ਲਈ ਜਾਂ ਪਿੰਡ ਦੇ ਸਾਂਝੇ ਕੰਮਾਂ ਲਈ ਪਟਵਾਰੀ, ਨੰਬਰਦਾਰ ਜਾਂ ਸਰਪੰਚ ਉਹਨੂੰ ਹੱਕਾ ਦੇਣ ਵਾਸਤੇ ਬੁਲਾਉਂਦੇ, ਤਾਂ ਪਹਿਲਾਂ ਰੋਟੀ ਉਹਦੇ ਮੂਹਰੇ ਰਖਦੇ। ਖਾਣੀ ਹੁੰਦਾ ਤਾਂ ਉਹ ਖਾ ਲੈਂਦਾ, ਨਹੀਂ ਤਾਂ ਪੱਲੇ ਬੰਨ੍ਹ ਲੈਂਦਾ। ਕਈ ਵਾਰ ਲੋਕਾਂ ਦੇ ਨਿੱਜੀ ਕੰਮ, ਕੁੰਢਾ ਸਿਉਂ ਗੋਡਲ ਦੀ ਮੱਝ ਗੁਆਚਣ ਦੇ ਹੱਕੇ ਵਰਗੇ ਕੰਮ ਨਿਕਲ ਆਉਂਦੇ। ਰੁਪਈਆ-ਧੇਲੀ ਨਕਦ ਤੋਂ ਇਲਾਵਾ ਓਦੋਂ ਕਾਲੇ ਖਾਂ ਨੂੰ ਰੋਟੀ-ਦੁਧ ਵੀ ਉਸੇ ਘਰੋਂ ਮਿਲ ਜਾਂਦੇ।

ਸਾਰੀ ਉਮਰ ਉਹਨੇ ਬੱਸ ਇਸੇ ਆਵਾਜ਼ ਦਾ ਦਿੱਤਾ ਹੀ ਖਾਧਾ ਸੀ। ਸਾਨੂੰ ਛੋਟੇ-ਛੋਟੇ ਮੁੰਡਿਆਂ ਨੂੰ ਉਹਦੀ ਆਵਾਜ਼ ਬਡੀ ਅਦਭੁਤ ਲਗਦੀ। ਅਸੀਂ ਉਹਦੇ ਹੱਕੇ ਦੀ ਨਕਲ ਲਾਹੁਣ ਦਾ ਜਤਨ ਕਰਦੇ, ਪਰ "ਓਇ ... ਇ.... ਇ..." ਕਹਿਣ ਵੇਲੇ ਆਵਾਜ਼ ਦੇ ਸੰਘ ਵਿਚ ਹੀ ਬੈਠ ਕੇ ਕਿਲ੍ਹਕ ਜਿਹੀ ਬਣ ਜਾਣ ਕਾਰਨ ਸਾਰਾ ਟੱਬਰ ਸਾਡੇ ਉੱਤੇ ਹੱਸ ਪੈਂਦਾ।

ਤੇ ਜਿਸ ਦਿਨ ਉਹ ਮੌਤ ਦੇ ਮੂੰਹ ਵਿਚ ਖੜ੍ਹਾ ਸੀ, ਉਥੋਂ ਵੀ ਉਹਨੂੰ ਉਹਦੀ ਏਸ ਆਵਾਜ਼ ਨੇ ਹੀ ਕੱਢ ਲਿਆਂਦਾ ਸੀ ....

... ਪਿੰਡ ਸਾਫ ਕਰ ਦਿਤਾ ਗਿਆ ਸੀ। ਇਕ ਵੀ ਮੁਸਲਮਾਨ ਹੁਣ ਪਿੰਡ ਵਿਚ ਨਹੀਂ ਸੀ ਰਹਿ ਗਿਆ। ਮੇਰੇ ਜਮਾਤੀ ਗੁਰਨਾਮ ਦਾ ਬਾਪੂ, ਮੈਂਗਲ ਸਿਉਂ ਅਤੇ ਪੱਤਰੀ ਵਾਚਣ ਵਾਲਾ ਪੰਡਿਤ ਰਾਮ ਪਰਤਾਪ ਸੱਥ ਵਿਚ ਇਹ ਐਲਾਨ ਕਰਦਿਆਂ ਬਾਗੋ-ਬਾਗ ਸਨ। ਉਹਨਾਂ ਦਾ ਜਿਵੇਂ ਮਿਸ਼ਨ ਨੇਪਰੇ ਚੜ੍ਹ ਗਿਆ ਸੀ। ਪਿੰਡ ਦੇ ਕੁਝ ਮੁਸਲਮਾਨ ਭੱਜ ਗਏ ਸਨ ਅਤੇ ਬਾਕੀਆਂ ਨੂੰ ਪਿੰਡ ਦੇ ਤੇ ਗੁਆਂਢੀ ਪਿੰਡਾਂ ਦੇ ਲਗਾੜਿਆਂ ਨੇ ਪਾਰ ਬੁਲਾਇਆ ਸੀ। ਜੋ ਭੱਜ ਕੇ ਫਸਲਾਂ ਵਿਚ ਲੁਕ ਗਏ ਸਨ, ਉਹ ਵੀ ਭਾਲ-ਭਾਲ ਕੇ ਮਾਰ ਦਿਤੇ ਗਏ ਸਨ। ਆਮ ਲੋਕ ਰੱਬ-ਰੱਬ ਕਰਕੇ ਅੰਦਰੀਂ ਵੜ-ਵੜ ਦਿਨ ਕੱਟ ਰਹੇ ਸਨ। ਬਦਮਾਸ਼ਾਂ ਦਾ ਬੋਲਬਾਲਾ ਸੀ। ਤੇ ਉਹਨਾਂ ਦੇ ਮੋਹਰੀ ਮੈਂਗਲ ਸਿਉਂ ਅਤੇ ਪੰਡਿਤ ਰਾਮ ਪਰਤਾਪ ਸਨ।

ਓਦੋਂ ਮੈਨੂੰ ਏਸ ਵਢਾ-ਕੱਟੀ ਦੇ ਕਾਰਨਾਂ ਦੀ ਕੋਈ ਬਹੁਤੀ ਜਾਣਕਾਰੀ ਨਹੀਂ ਸੀ। ਬਸ ਸਭ ਕੁਝ ਬੜਾ ਅਜੀਬ-ਅਜੀਬ ਅਤੇ ਡਰਾਉਣਾ-ਡਰਾਉਣਾ ਤਾਂ ਲਗਦਾ ਸੀ ਪਰ ਸਮਝ ਵਿਚ ਨਹੀਂ ਸੀ ਪੈ ਰਿਹਾ। ਹਾਂ, ਹੁਣ ਲਗਦਾ ਹੈ ਕਿ ਓਦੋਂ ਮੈਂਗਲ ਸਿਉਂ ਕੇਵਲ ਮੈਂਗਲ ਸਿਉਂ ਨਹੀਂ ਹੋਵੇਗਾ ਅਤੇ ਰਾਮ ਪਰਤਾਪ ਕੇਵਲ ਰਾਮ ਪਰਤਾਪ ਨਹੀਂ ਹੋਵੇਗਾ। ਅਸਲ ਵਿਚ ਮੈਂਗਲ ਸਿਉਂ ਸਾਡੇ ਪਿੰਡ ਦੇ ਸਿੱਖਾਂ ਦਾ ਆਪੇ-ਥਾਪਿਆ ਪ੍ਰਤੀਨਿਧ ਹੋਵੇਗਾ ਅਤੇ ਰਾਮ ਪਰਤਾਪ ਸਾਡੇ ਪਿੰਡ ਦੇ ਹਿੰਦੂਆਂ ਦਾ। ਸਬੱਬ ਨਾਲ ਉਹਨਾਂ ਦੋਵਾਂ ਦੇ ਘਰਾਂ ਨੂੰ ਸਾਡੀ ਗਲੀ ਵਿਚੋਂ ਦੀ ਲੰਘ ਕੇ ਜਾਣਾ ਪੈਂਦਾ ਸੀ। ਜਦੋਂ ਉਹਨਾਂ ਵਿਚੋਂ ਕੋਈ ਉਹਨੀਂ ਦਿਨੀਂ ਘਰ ਆਉਂਦਾ, ਉਹਦੇ ਕੱਪੜਿਆਂ ਦਾ ਰੰਗ ਲਾਲ ਹੋਇਆ ਹੁੰਦਾ, ਉਹਦੀਆਂ ਮੁੱਛਾਂ ਮਰੋੜੀਆਂ ਹੋਈਆਂ ਹੁੰਦੀਆਂ ਅਤੇ ਉਹਦੇ ਹੱਥਾਂ ਵਿਚ ਗਠੜੀਆਂ-ਪੋਟਲੀਆਂ ਹੁੰਦੀਆਂ। ਮੈਂਗਲ ਸਿਉਂ ਦੀ ਦਾੜ੍ਹੀ ਉਲਝੀ ਹੋਈ ਹੁੰਦੀ ਅਤੇ ਰਾਮ ਪਰਤਾਪ ਦੀ ਦਾੜ੍ਹੀ ਦੇ ਕਰਚੇ ਵਧੇ ਹੋਏ ਹੁੰਦੇ। ਜਦੋਂ ਦੋਵਾਂ ਵਿਚੋਂ ਕੋਈ ਲੰਘਦਾ, ਸਾਡੇ ਟੱਬਰ ਦੇ ਜੀਅ ਜੇ ਡਿਉਢੀ ਵਿਚ ਬੈਠੇ ਜਾਂ ਗਲੀ ਵਿਚ ਖੜ੍ਹੇ ਹੁੰਦੇ ਤਾਂ ਇਧਰ-ਉਧਰ ਹੋ ਜਾਂਦੇ ਜਾਂ ਮੂੰਹ ਫੇਰ ਲੈਂਦੇ, ਉਹਨਾਂ ਨੂੰ ਬੁਲਾਉਂਦੇ ਨਾ। ਸਾਨੂੰ, ਬੱਚਿਆਂ ਨੂੰ ਉਹਨਾਂ ਤੋਂ ਇਕ ਅਜੀਬ ਭੈ ਜਿਹਾ ਆਉਂਦਾ। ਉਹ ਵੀ ਕਿਸੇ ਨਾਲ ਕੁਝ ਨਾ ਬੋਲਦੇ, ਬੱਸ-ਦਗੜ-ਦਗੜ ਕਰਦੇ ਹੋਏ ਸਿੱਧੇ ਆਬਦੇ ਘਰਾਂ ਅੰਦਰ ਜਾ ਵੜਦੇ।

ਹਾਂ, ਜਦੋਂ ਮੈਂਗਲ ਸਿਉਂ ਅਤੇ ਪੰਡਿਤ ਰਾਮ ਪਰਤਾਪ ਨੇ ਸੱਥ ਵਿਚ ਆ ਕੇ ਸਾਰੇ ਮੁਸਲਮਾਨਾਂ ਤੋਂ ਸਾਡੇ ਪਿੰਡ ਦਾ ਸਾਫ ਹੋ ਜਾਣਾ ਐਲਾਨਿਆ, ਸਬੱਬ ਨਾਲ ਅਸੀਂ ਕੁਝ ਮੁੰਡੇ ਵੀ ਉਥੇ ਘੁਤੀ-ਪਾਉਣੇ ਖੇਡ ਰਹੇ ਸੀ। ਅਸੀਂ ਵੀ ਆਪਣੇ ਆਪਣੇ ਗੀਠੇ ਅਤੇ ਕੰਚੇ ਖੀਸਿਆਂ ਵਿਚ ਪਾ ਕੇ ਲੋਕਾਂ ਵਿਚ ਆ ਖਲੋਤੇ। ਸਾਨੂੰ ਇਹਨਾਂ ਸਭ ਗੱਲਾਂ ਤੋਂ ਡਰ ਵੀ ਬਹੁਤ ਆਉਂਦਾ, ਪਰ ਜਾਣਨ ਦੀ ਉਤਸੁਕਤਾ ਜਿਹੀ ਵੀ ਬਣੀ ਰਹਿੰਦੀ। ਉਹ ਦੋਵੇਂ ਖੁਸ਼ ਵੀ ਸਨ ਅਤੇ ਕੁਝ ਇਸ ਤਰ੍ਹਾਂ ਵੀ ਸਨ, ਜੀਹਦੀ ਓਦੋਂ ਬਾਲ-ਉਮਰੇ ਮੈਨੂੰ ਸਮਝ ਨਹੀਂ ਸੀ ਪਈ, ਪਰ ਜੀਹਨੂੰ ਹੁਣ ਮੈਂ ਤਣਾਉ-ਰਹਿਤ ਮਨੋਸਥਿਤੀ ਕਹਿ ਸਕਦਾ ਹਾਂ, ਜੋ ਕੋਈ ਮਿਸ਼ਨ ਨੇਪਰੇ ਚਾੜ੍ਹਨ ਮਗਰੋਂ ਬੰਦੇ ਦੀ ਹੁੰਦੀ ਹੈ। ਪਰ ਉਹਨਾਂ ਦੀ ਗੱਲ ਸੁਣ ਕੇ ਕੁਝ ਬੰਦੇ, ਜਿਨ੍ਹਾਂ ਨੂੰ ਅਸੀਂ ਬਾਬੇ, ਤਾਏ, ਚਾਚੇ ਜਾਂ ਬਾਈ ਆਖਦੇ ਸੀ, ਉੱਠ ਕੇ ਹਰੇਰਾਮ-ਵਾਖਰੂ ਆਖਦਿਆਂ ਤੁਰ ਗਏ। ਬੈਠੇ ਰਹਿ ਗਿਆਂ ਵਿਚੋਂ, ਜੋ ਬਹੁਤੇ ਲੁੱਚੇ-ਲਫੰਗੇ ਜਾਂ ਮੁੰਡੇ-ਖੁੰਡੇ ਜਿਹੇ ਸਨ, ਭਾਨੇ ਨੇ ਕਿਹਾ, "ਕਿਉਂ ਬਈ ਮੈਂਗਲਾ, ਹੈਂ ਬਈ ਰਾਮ ਪਰਤਾਪ ਕਹਿੰਦੇ ਐ ਉਤੇ

ਬਾਕੀ ਪੰਨਾ 21 'ਤੇ

ਪੰਨਾ 20 ਦੀ ਬਾਕੀ

ਕੋਈ ਰੱਬ ਵੀ ਹੈਗਾ !"

ਮੈਨੂੰ ਓਦੋਂ ਭਾਨੇ ਦੀ ਇਹ ਗੱਲ ਬੜੀ ਅਜੀਬ ਲੱਗੀ, ਬੜੀ ਬੇਮੌਕਾ। ਕਿਥੇ ਬੁੜ੍ਹੀ ਦਾ ਮਰਨਾ, ਕਿਥੇ ਹਲ ਓਕੜੂ ! ਉਹ ਦੋਵੇਂ ਕੀ ਗੱਲਾਂ ਕਰ ਰਹੇ ਸਨ ਅਤੇ ਭਾਨੇ ਨੂੰ ਉਹਨਾਂ ਤੋਂ ਰੱਬ ਬਾਰੇ ਗਿਆਨ ਲੈਣ ਦੀ ਪਈ ਹੋਈ ਸੀ। ਪਰ ਰਾਮ ਪਰਤਾਪ ਤਾਂ ਪੰਡਿਤ ਸੀ, ਵਿਦਵਾਨ ਸੀ। ਉਹ ਸਭ ਗੱਲਾਂ ਦਾ ਗਿਆਤਾ ਸੀ, ਭਾਵੇਂ ਕੋਈ ਕੁਝ ਪੁੱਛ ਲਵੇ। ਐਹ ਕੁਝ ਹਫਤਿਆਂ ਤੋਂ ਮੁਸਲਮਾਨਾਂ ਨੂੰ ਮਾਰਨ ਵਾਲੇ ਕੰਮ ਵਿਚ ਪੈਣ ਤੋਂ ਪਹਿਲਾਂ ਉਹ ਪੱਤਰੀ ਵਾਚਿਆ ਕਰਦਾ ਸੀ। ਪਿੰਡ ਦੇ ਕਿਸੇ ਵੀ ਘਰੋਂ ਜਦੋਂ ਉਹਨੂੰ ਸੱਦਾ ਆਉਂਦਾ, ਉਹ ਮੋਢੇ ਉਤੇ ਲਾਲ ਹਰਦੁਆਰੀ ਪਰਨਾ ਰੱਖ ਕੇ ਅਤੇ ਕੁਰਾਲੀ ਵਾਲੇ ਜੋਤਸ਼ੀ ਦੀ ਰਚੀ ਪੱਤਰੀ ਚੁੱਕ ਕੇ ਜਾ ਪਹੁੰਚਦਾ। ਉਹ ਲੋਕਾਂ ਦੇ ਕੰਮਾਂ ਲਈ ਸ਼ੁਭ ਤਿੱਥ-ਵਾਰ ਸੋਚਿਆ ਕਰਦਾ ਸੀ ਅਤੇ ਉਹਨਾਂ ਦੀਆਂ ਮੁਸ਼ਕਲਾਂ ਹਰਨ ਲਈ ਉਪਾਅ ਦੱਸਿਆ ਕਰਦਾ ਸੀ। ਤੇ ਮੈਂਗਲ ਸਿਉਂ ਵੀ ਰੋਜ਼ ਹੀ ਅਖਬਾਰ ਨਾਲ ਮੱਥਾ ਮਾਰਦਾ ਰਹਿੰਦਾ ਸੀ। ਕੁਝ ਤਾਂ ਜਾਣਦਾ ਹੀ ਹੋਵੇਗਾ। ਭਾਨੇ ਦੀ ਗੱਲ ਦੇ ਜਵਾਬ ਵਿਚ ਦੋਵੇਂ ਹੱਥ ਉਤੇ ਹੱਥ ਮਾਰ ਕੇ ਹੱਸ ਪਏ ਅਤੇ ਇਕੱਠੇ ਹੀ ਬੋਲੇ, "ਕਰ ਦਿੱਤੀ ਨਾ ਮੂਰਖਾਂ ਵਾਲੀ ਗੱਲ ! ਉਤਲੇ ਦੇ ਹੁਕਮ ਨਾਲ ਈ ਤਾਂ ਸਭ ਕੁਛ ਹੋ ਰਿਹਾ ਐ। ਉਹਦੇ ਹੁਕਮ ਬਿਨਾਂ ਪੱਤਾ ਹਿਲ ਕੇ ਦਿਖਾ ਦੇਵੇ !"

ਇਹ ਰੱਬ-ਰੁੱਬ ਦੀਆਂ ਗੱਲਾਂ ਸਾਨੂੰ, ਛੋਟੇ ਮੁੰਡਿਆਂ ਨੂੰ ਬੜੀਆਂ ਬੇਰਸ ਲੱਗੀਆਂ। ਅਸੀਂ ਫੇਰ ਖੇਡਣ ਲਈ ਕੁਝ ਹਟਵੇਂ ਜਿਹੇ ਇਕ ਨਵੀਂ ਘੁੱਤੀ ਪੁੱਟਣ ਲਗ ਪਏ। ਪਰ ਘੁੱਤੀ ਅਜੇ ਪੂਰੀ ਪੁੱਟੀ ਵੀ ਨਹੀਂ ਸੀ ਗਈ ਕਿ ਸਾਨੂੰ ਫੇਰ ਭੱਜ ਕੇ ਸੱਥ ਵਿਚ ਆਉਣਾ ਪਿਆ। ਅਚਾਨਕ ਰੌਲਾ ਜਿਹਾ ਪੈ ਗਿਆ ਸੀ। ਅਸੀਂ ਦੇਖਿਆ, ਤਾਰਾ ਲਫ਼ੈਂਡ ਅਤੇ ਮਾਘੀ ਲੰਗੜਾ ਕਿਤੋਂ ਕਾਲੇ ਚੌਕੀਦਾਰ ਨੂੰ ਫੜ ਕੇ ਲੈ ਆਏ ਸਨ।

ਕਹਿੰਦੇ ਸਨ, ਉਹ ਹੁਣ ਤੱਕ ਕਿਤੇ ਲੁਕਿਆ ਰਿਹਾ ਸੀ ਅਤੇ ਹੁਣ ਆਪੇ ਬਾਹਰ ਨਿਕਲ ਆਇਆ ਸੀ। ਪਰ ਉਹ ਬਾਹਰ ਨਿਕਲਿਆ ਕਿਉਂ ? ਤਾਰਾ ਅਤੇ ਮਾਘੀ ਉਹਦੇ ਬਾਹਰ ਨਿਕਲਣ ਦਾ ਕਾਰਨ "ਜਦੋਂ ਗਿੱਦੜ ਦੀ ਮੌਤ ਆਉਂਦੀ ਐ, ਉਹ ਪਿੰਡ ਵਿਚ ਆ ਵੜਦੈ" ਦਸਦੇ ਸਨ। ਪਰ ਮੇਰੇ ਇਹ ਗੱਲ ਸਮਝ ਨਹੀਂ ਸੀ ਆ ਰਹੀ। ਲੁਕਿਆ ਬੈਠਾ ਸੀ, ਬੈਠਾ ਰਹਿੰਦਾ—ਮੈਨੂੰ ਕਾਲੇ ਚੌਕੀਦਾਰ ਦੀ ਮੂਰਖਤਾ ਉਤੇ ਗੁੱਸਾ ਆਇਆ। ਓਦੋਂ ਮੈਂ ਇਹ ਨਾ ਸੋਚ ਸਕਿਆ ਕਿ ਉਹ ਭੁੱਖ-ਤੇਹ ਦਾ ਮਾਰਿਆ ਹੋਇਆ ਬਾਹਰ ਨਿਕਲਿਆ ਹੋਵੇਗਾ। ਉਹ ਓਦੋਂ ਹੀ ਬਾਹਰ ਨਿਕਲਿਆ ਹੋਵੇਗਾ, ਜਦੋਂ ਉਹਦਾ ਲੁਕ ਕੇ ਬੈਠਾ ਰਹਿਣਾ ਅਸੰਭਵ ਹੋ ਗਿਆ ਹੋਵੇਗਾ। ਬਾਹਰ ਤਾਂ ਮੌਤ ਉਹਦੀ ਉਡੀਕ ਕਰ ਰਹੀ ਸੀ ਤੇ ਮੌਤ ਦੇ ਮੂੰਹ ਪੈਣ ਨੂੰ ਕੀਹਦਾ ਜੀਅ ਕਰਦਾ ਹੁੰਦਾ ਹੈ। ਉਹ ਬਾਹਰ ਨਿਕਲਿਆ ਤਾਂ ਤਾਰੇ ਲਫ਼ੈਂਡ ਅਤੇ ਮਾਘੀ ਲੰਗੜੇ ਦੇ ਹੱਥ ਲੱਗ ਗਿਆ।

ਜਦੋਂ ਮੈਂ ਡਰਦੇ-ਡਰਦੇ ਨੇ ਕਾਲੇ ਚੌਕੀਦਾਰ ਨੂੰ ਨੇੜੇ ਹੋ ਕੇ ਦੇਖਿਆ ਤਾਂ ਪਤਾ ਨਹੀਂ ਕਿਉਂ ਮੈਨੂੰ ਸਾਡੀ ਮੱਝ ਯਾਦ ਆ ਗਈ। ਕਈ ਵਾਰ ਉਹ ਖੜ੍ਹੀ ਰਹਿੰਦੀ, ਪਰ ਦੁੱਧ ਨਾ ਲਾਹੁੰਦੀ ਜਾਂ ਭੁੱਖੀ ਹੁੰਦੀ, ਪਰ ਬੇਪਸੰਦ ਹੋਣ ਕਰਕੇ ਪਠੇ ਨਾ ਖਾਂਦੀ। ਅਜਿਹੇ ਮੌਕੇ ਮੇਰਾ ਬਾਪੂ ਡਾਂਗ ਫੜ ਲੈਂਦਾ ਅਤੇ ਦੋ-ਚਾਰ ਲਾ ਦਿੰਦਾ। ਹਰ ਡਾਂਗ ਨਾਲ ਮੱਝ ਇਧਰ-ਉਧਰ ਭਜਦੀ ਅਤੇ ਮੇਰੇ ਬਾਪੂ ਤੋਂ ਦੂਰ ਹੋਣ ਦਾ ਜਤਨ ਕਰਦੀ। ਪਰ ਬੱਝੀ ਹੋਈ ਭੱਜ ਕਿਧਰ ਸਕਦੀ ਸੀ ? ਸੰਗਲ ਦੀ ਖੁੱਲ੍ਹ ਤੋਂ ਵੱਧ ਕਿੰਨੀ ਕੁ ਦੂਰ ਜਾ ਸਕਦੀ ਸੀ ? ਮੇਰਾ ਬਾਪੂ ਡਾਂਗ ਰੋਕ ਲੈਂਦਾ ਤਾਂ ਉਹ ਪੂਰਾ ਸੰਗਲ ਖਿਚਕੇ ਪਿੱਛੇ ਨੂੰ ਹਟੀ ਹੋਈ ਬਹੁਤ ਹੀ ਡਰੀਆਂ ਹੋਈਆਂ, ਭੈਭੀਤ ਨਜ਼ਰਾਂ ਨਾਲ ਉਹਨੂੰ ਦੇਖਦੀ। ਹੁਣ ਕਾਲੇ ਖਾਂ ਦਾ ਮੂੰਹ ਬਿਲਕੁਲ ਸਾਡੀ ਮੱਝ ਦੇ ਉਸ ਸਮੇਂ ਦੇ ਮੂੰਹ ਵਰਗਾ ਸੀ।

ਬਾਹਰ ਨਿਕਲ ਕੇ ਤਾਰੇ ਅਤੇ ਮਾਘੀ ਦੇ ਹੱਥ ਲੱਗ ਜਾਣ ਦੀ ਉਹਦੀ ਮੂਰਖਤਾ ਸੰਬੰਧੀ ਹੈਰਾਨੀ ਤੋਂ ਇਲਾਵਾ ਇਕ ਹੈਰਾਨੀ ਮੈਨੂੰ ਕਾਲੇ ਚੌਕੀਦਾਰ ਉਤੇ ਹੋਰ ਹੋ ਰਹੀ ਸੀ। ਉਹ ਡਰੀ ਹੋਈ ਮੱਝ ਵਾਂਗ ਪਾਟੀਆਂ-ਪਾਟੀਆਂ ਨਜ਼ਰਾਂ ਨਾਲ ਦੇਖਦਾ ਹੋਇਆ ਡਿੱਗਿਆਂ ਵਾਂਗ ਸਭ ਦੇ ਵਿਚਕਾਰ ਬੈਠਾ ਸੀ, ਪਰ ਨਾ ਛੱਡ ਦੇਣ ਲਈ ਮਿੰਨਤਾਂ ਕਰ ਰਿਹਾ ਸੀ, ਨਾ ਕੁਝ ਹੋਰ ਹੀ ਕਹਿ ਰਿਹਾ ਸੀ। ਹੁਣ ਸੋਚਦਾ ਹਾਂ, ਸ਼ਾਇਦ ਉਸ ਵਿਚ ਓਦੋਂ ਏਨੀਂ ਹਿੰਮਤ ਵੀ ਨਹੀਂ ਸੀ ਰਹਿ ਗਈ ਕਿ ਲੇਲ੍ਹੜੀਆਂ ਕੱਢ ਸਕੇ ! ਆਖਰ ਮਿੰਨਤ-ਤਰਲਾ ਕਰਨ ਲਈ ਵੀ ਤਾਂ ਬੰਦੇ ਵਿਚ ਕੁਝ ਦਮ ਚਾਹੀਦਾ ਹੈ।

ਤੇ ਕਾਲੇ ਦੀ ਜਾਨ ਹੁਣ ਮੈਂਗਲ ਸਿਉਂ ਅਤੇ ਰਾਮ ਪਰਤਾਪ ਦੇ ਹੱਥ ਸੀ। ਤਾਰੇ ਲਫ਼ੈਂਡ ਅਤੇ ਮਾਘੀ ਲੰਗੜੇ ਨੇ ਮੁਕੱਦਮਾ ਉਹਨਾਂ ਦੇ ਹਵਾਲੇ ਕਰ ਦਿਤਾ ਸੀ ਅਸੀਂ ਸਹਿਮੇ ਹੋਏ ਪਿੱਛੇ ਹਟ ਗਏ ਅਤੇ ਦੇਖਣ ਲਗੇ ਕਿ ਉਹ ਕੀ ਫੈਸਲਾ ਦਿੰਦੇ ਹਨ ਅਤੇ ਕਾਲੇ ਚੌਕੀਦਾਰ ਦਾ ਕੀ ਬਣਦਾ ਹੈ। ਭਾਨੇ ਵਰਗਿਆਂ ਨੇ ਮੈਂਗਲ ਸਿਉਂ ਅਤੇ ਰਾਮ ਪਰਤਾਪ ਨੂੰ ਹੋਰ ਪਾਪ ਨਾ ਕਰਨ ਦੀ ਸਲਾਹ ਦਿੱਤੀ। ਭਾਨੇ ਨੇ ਤਾਂ ਸਾਡੇ ਵਿਚ, ਬੱਚਿਆਂ ਵਿਚ ਖਲੋਤਾ ਆਬਦਾ ਭਤੀਜਾ ਕਈ ਦਿਨਾਂ ਦੇ ਭੁੱਖ-ਤਿਹਾਏ ਕਾਲੇ ਲਈ ਘਰੋਂ ਦੁੱਧ ਲੈਣ ਭਜਾ ਦਿਤਾ। ਲੋਕ ਭਾਂਤ-ਭਾਂਤ ਦੀਆਂ ਗੱਲਾਂ ਕਰ ਰਹੇ ਸਨ। ਅਸਲ ਵਿਚ ਲੋਕ ਤਾਂ ਹੁਣ ਉਥੇ ਕਿਹੜੇ ਸਨ, ਐਵੇਂ ਮੁੰਡੀਹਰ ਸੀ। ਲੋਕ ਤਾਂ ਮੈਂਗਲ ਸਿਉਂ ਅਤੇ ਪੰਡਿਤ ਰਾਮ ਪਰਤਾਪ ਨੂੰ ਦੇਖ ਕੇ ਘਰੋ-ਘਰੀ ਤੁਰ ਗਏ ਸਨ। ਬੱਸ ਛੋਕਰੇ ਜਾਭਾਂ ਦਾ ਭੇੜ ਕਰ ਰਹੇ ਸਨ। ਆਖਰ ਗੱਲ ਉਹਦੇ ਹੌਕੇ ਉਤੇ ਆ ਗਈ। ਕਿਥੇ ਮਿਲਦਾ ਸੀ ਇਹੋ ਜਿਹਾ ਹੌਕਾ ਦੇਣ ਵਾਲਾ ਚੌਕੀਦਾਰ, ਟੱਲੀ ਵਾਂਗ ਟੁਣਕਦੀ ਆਵਾਜ਼ ਵਾਲਾ ਚੌਕੀਦਾਰ ! ਰਾਮ ਪਰਤਾਪ ਬੋਲਿਆ, "ਅਸੀਂ ਤਾਂ ਹੁਣ ਪਿੰਡ ਪਵਿੱਤਰ ਹੋਇਆ ਸਮਝ ਕੇ ਹਵਨ ਦੀ ਵੇਦੀ ਪੁੱਟ ਦਿੱਤੀ। ਹੁਣ ਦੁਬਾਰਾ ਕਿਥੇ ਪੰਗਾ ਕਰਾਂਗੇ।" ਮੈਂਗਲ ਸਿਉਂ ਨੇ ਵੀ ਕਿਹਾ, "ਅਸੀਂ ਵੀ ਸ਼ਸਤਰ ਹੁਣ ਟੰਗ ਦਿਤੇ।"

ਅਸੀਂ, ਬੱਚਿਆਂ ਨੇ ਸੋਚਿਆ ਕਿ ਹੁਣ ਕਾਲੇ ਚੌਕੀਦਾਰ ਨੂੰ ਮਾਰਿਆ ਨਹੀਂ ਜਾਵੇਗਾ। ਅਸੀਂ ਫੇਰ ਅੱਗੇ ਹੋ ਕੇ ਸਭ ਕੁਝ ਦੇਖਣ-ਸੁਣਨ ਲੱਗੇ। ਆਖਰ ਫੈਸਲਾ ਹੋਇਆ ਕਿ ਅੱਜ ਪਿੰਡ ਦੇ ਕੁਝ ਲਗਾੜਿਆਂ ਅਤੇ ਛੜੇ-ਛਾਂਟਾਂ ਦੀਆਂ ਇਧਰੋਂ-ਉਧਰੋਂ ਲਿਆਂਦੀਆਂ ਮੁਸਲਮਾਨੀਆਂ ਨੂੰ ਜਦੋਂ ਹਿੰਦਣੀਆਂ-ਸਿੱਖਣੀਆਂ ਬਣਾਇਆ ਜਾਵੇ, ਨਾਲ ਹੀ ਕਾਲੇ ਖਾਂ ਨੂੰ ਵੀ ਹਿੰਦੂ ਜਾਂ ਸਿੱਖ ਬਣਾ ਲਿਆ ਜਾਵੇ। ਨਹੀਂ ਤਾਂ ਪਿੰਡ ਵਿਚ ਹੌਕਾ ਕੌਣ ਦੇਵੇਗਾ !

"ਕਾਲੇ ਖਾਂ ਹਿੰਦੂ ਨਹੀਂ ਬਣ ਸਕਦਾ", ਪੰਡਿਤ ਰਾਮ ਪਰਤਾਪ ਨੇ ਆਪਣਾ ਹਰਦੁਆਰੀ ਪਰਨਾ ਝੰਡੇ ਵਾਂਗ ਲਹਿਰਾਉਂਦਿਆਂ ਇਨਕਾਰ ਕੀਤਾ।

"ਕਿਉਂ ਬਈ ਪੰਡਿਤਾ, ਮੁਸਲਮਾਨੀ ਤਾਂ ਹਿੰਦਣੀ ਬਣ ਸਕਦੀ ਐ ?" ਭਾਨੇ ਨੇ ਪੁੱਛਿਆ।

"ਆਹੋ, ਉਹ ਬਣ ਸਕਦੀ ਐ, ਪਰ ਮੁਸਲਮਾਨ ਹਿੰਦੂ ਨਹੀਂ ਹੋ ਸਕਦਾ", ਪੰਡਿਤ ਰਾਮ ਪਰਤਾਪ ਨੇ ਦੱਸਿਆ।

"ਪੰਡਿਤਾ, ਇਹ ਕੀ ਗੱਲ ?" ਕਈਆਂ ਨੇ ਇਕੱਠਿਆ ਹੀ ਪੁੱਛਿਆ।

"ਇਸਤਰੀ ਦਾ ਕੋਈ ਧਰਮ ਨਹੀਂ ਹੁੰਦਾ, ਜੋ ਬਣਾ ਲਉ, ਉਹੋ ਬਣ ਜਾਂਦੀ ਐ", ਪੰਡਿਤ ਰਾਮ ਪਰਤਾਪ ਨੇ ਭੇਤ ਸਮਝਾਇਆ।

"ਲੈ, ਇਹ ਕੀ ਗੱਲ ਹੋਈ। ਅਖੇ ਇਸਤਰੀ ਦਾ ਧਰਮ ਈ ਕੋਈ ਨਹੀਂ ਹੁੰਦਾ! ਉਹ ਕੀ ਹਿੰਦੂ, ਮੁਸਲਮਾਨ ਜਾਂ ਸਿੱਖ ਨਹੀਂ ਹੁੰਦੀ ? ਧਰਮ ਕੋਈ ਕਿਉਂ ਨਹੀਂ ਹੁੰਦਾ ਇਸਤਰੀ ਦਾ", ਭਾਨੇ ਦਾ ਸ਼ੰਕਾ ਪੰਡਿਤ ਰਾਮ ਪਰਤਾਪ ਤੋਂ ਨਵਿਰਤ ਨਹੀਂ ਸੀ ਹੋਇਆ।

"ਬੱਸ ਸ਼ਾਸਤਰਾਂ ਵਿਚ ਲਿਖਿਐ ! ਤੇ ਸ਼ਾਸਤਰ, ਭਾਈ ਭਾਨਾ ਸਿਆਂ, ਮੈਂ ਤਾਂ ਲਿਖੇ ਨਹੀਂ, ਜੋ ਹਰ ਗੱਲ ਸਮਝਾ ਦਿਆਂ। ਬੱਸ ਵੱਡਿਆਂ ਨੇ ਜੋ ਕੁਝ ਲਿਖ ਦਿਤਾ, ਅਸੀਂ ਤਾਂ ਉਸੇ ਦਾ ਪਾਲਣ ਕਰਦੇ ਆਂ।" ਪੰਡਿਤ ਰਾਮ ਪਰਤਾਪ ਕੁਝ ਝੁੰਜਲਾ ਜਿਹਾ ਗਿਆ ਸੀ।

"ਫੇਰ ਤਾਂ ਬਈ ਪੰਡਿਤਾ ਬੜੇ ਚੁਸਤ ਨੇ ਤੇਰੇ ਸ਼ਾਸਤਰ ! ਮਿੱਠਾ-ਮਿੱਠਾ ਖਾਂਦੇ ਨੇ ਤੇ ਕੌੜਾ ਥੂਹ ਕਰ ਦਿੰਦੇ ਨੇ !" ਭਾਨਾ ਬੋਲਿਆ ਅਤੇ ਸੱਥ ਵਿਚ ਖਲੋਤੇ ਸਾਰੇ

ਬਾਕੀ ਪੰਨਾ 22 'ਤੇ

ਪੰਨਾ 21 ਦੀ ਬਾਕੀ

ਜਣੇ ਹਿੜ-ਹਿੜ ਕਰਕੇ ਹੱਸ ਪਏ। ਇਕ ਬੱਸ ਸਭ ਦੇ ਵਿਚਕਾਰ ਬੈਠਾ ਕਾਲਾ ਨਾ ਹੱਸਿਆ। ਬੈਠਾ ਵੀ ਉਹ ਕਿੱਥੇ ਸੀ, ਬੱਸ ਡਿੱਗਿਆ ਜਿਹਾ ਹੀ ਪਿਆ ਸੀ। ਬੈਠਾ ਰਹਿਣ ਜੋਗਾ ਤਾਂ ਉਹਦੇ ਵਿਚ ਬਲ ਹੀ ਨਹੀਂ ਸੀ।

ਉਲਝਨ ਤਾਂ ਭਾਨੇ ਵਾਂਗ ਓਦੋਂ ਮੈਨੂੰ ਵੀ ਬੜੀ ਹੋਈ ਸੀ ਕਿ ਮੁਸਲਮਾਨੀਆਂ ਜਦੋਂ ਹਿੰਦਣੀਆਂ ਹੋ ਸਕਦੀਆਂ ਹਨ ਤਾਂ ਮੁਸਲਮਾਨ ਵੀ ਹਿੰਦੂ ਕਿਉਂ ਨਹੀਂ ਹੋ ਸਕਦਾ? ਤੇ ਪੰਡਿਤ ਰਾਮ ਪਰਤਾਪ ਦੀ ਗੱਲ ਭਾਨੇ ਵਾਂਗ ਮੈਨੂੰ ਵੀ ਨਹੀਂ ਸੀ ਜਚੀ। ਪਰ, ਮੈਂ ਸੋਚਿਆ, ਪੰਡਿਤ ਰਾਮ ਪਰਤਾਪ ਤਾਂ ਗਰੰਥਾਂ ਦਾ ਵਾਚਕ ਸੀ, ਠੀਕ ਹੀ ਕਹਿੰਦਾ ਹੋਵੇਗਾ।

ਉਸੇ ਸਮੇਂ ਮੈਂਗਲ ਸਿਉਂ ਨੇ ਗੱਲ ਮੁਕਦੀ ਕਰਕੇ ਸਾਰਿਆਂ ਦੀ ਉਲਝਨ ਖਤਮ ਕਰ ਦਿੱਤੀ, "ਠੀਕ ਐ, ਕਾਲੇ ਨੂੰ ਅਸੀਂ ਨਵਾਂ ਜਨਮ ਦੇਵਾਂਗੇ। ਸਿੰਘ ਸਜਾਵਾਂਗੇ! ਅੰਮ੍ਰਿਤ ਛਕਾ ਕੇ ਪੰਜੇ ਕੱਕੇ ਧਾਰਨ ਕਰਾਵਾਂਗੇ।"

"ਕਿਉਂ ਬਈ ਕਾਲਿਆ, ਮਨਜ਼ੂਰ ਆ?" ਮੈਂਗਲ ਸਿਉਂ ਅਤੇ ਪੰਡਿਤ ਰਾਮ ਪਰਤਾਪ ਨੇ ਇੱਕਠਿਆਂ ਹੀ ਪੁੱਛਿਆ।

ਕਾਲੇ ਨੇ ਆਪਣੇ ਕੰਬਦੇ ਹੋਏ ਦੋਵੇਂ ਹੱਥ ਜੋੜ ਦਿੱਤੇ। ਹੱਥ ਜੁੜੇ ਵੀ ਕਿੱਥੇ, ਇਕ ਦੂਜੇ ਤੋਂ ਗਿੱਠ ਦੂਰ ਰਹਿ ਕੇ ਹੀ ਹਵਾ ਵਿਚ ਲਟਕੇ ਹੋਏ ਕੰਬਦੇ ਰਹੇ—ਮਕੜੀ ਦੇ ਜਾਲੇ ਨਾਲ ਲਟਕੇ ਹੋਏ ਬਿਰਛੋਂ-ਟੁੱਟੇ ਸੁੱਕੇ ਪੱਤਿਆਂ ਵਾਂਗ। ਸ਼ਾਇਦ ਉਹਨਾਂ ਵਿਚ ਜੁੜਨ ਦੀ ਵੀ ਸੱਤਿਆ ਨਹੀਂ ਸੀ। ਉਹਨੇ ਕੁਝ ਬੋਲਣਾ ਚਾਹਿਆ, ਪਰ ਬੋਲ ਨਾ ਸਕਿਆ। ਬੱਸ ਬੁਲ੍ਹ ਨਾਂ-ਮਾਤਰ ਫਰਕ ਕੇ ਰਹਿ ਗਏ। ਹੁਦ ਉਹਦੇ ਮੂੰਹ ਵੱਲ ਦੇਖ ਕੇ ਮੈਨੂੰ ਆਬਦੀ ਮੱਝ ਦਾ ਉਸ ਸਮੇਂ ਦਾ ਮੂੰਹ ਯਾਦ ਆਇਆ ਜਦੋਂ ਮੇਰਾ ਬਾਪੂ ਉਹਦੇ ਦੋ-ਚਾਰ ਡਾਂਗਾਂ ਲਾ ਕੇ ਉਹਨੂੰ ਬੰਨ੍ਹਣ ਵਾਲੇ ਛੱਪਰ ਵਿਚੋਂ ਡਾਂਗ ਮੋਢੇ ਉਤੇ ਰੱਖ ਕੇ ਬਾਹਰ ਹੋ ਜਾਂਦਾ ਸੀ ਅਤੇ ਉਹ ਸਮਝ ਜਾਂਦੀ ਸੀ ਕਿ ਹੁਣ ਹੋਰ ਮਾਰ ਨਹੀਂ ਸੀ ਪੈਣੀ!

ਏਨੇਂ ਨੂੰ ਭਾਨੇ ਦਾ ਭਤੀਜਾ ਕੋਸਾ ਦੁੱਧ ਲੈ ਆਇਆ। ਕੰਬਦੇ ਹੱਥਾਂ ਨਾਲ ਲਪਕ ਕੇ ਕਾਲੇ ਨੇ ਗਲਾਸ ਮੂੰਹ ਵੱਲ ਕੀਤਾ ਤਾਂ ਭਾਨੇ ਨੇ ਵਰਜਿਆ, "ਸਬਰ ਨਾਲ, ਚੌਕੀਦਾਰਾ, ਹੌਲੀ-ਹੌਲੀ! ਬੂੰਦ-ਬੂੰਦ ਕਰਕੇ ਪੀ। ਨਹੀਂ ਤਾਂ ਖਾਲੀ ਕਾਲਜੇ ਉਤੇ ਜਾ ਕੇ ਸੱਪ ਵਾਂਗੂੰ ਲੜ ਜਾਊ!"

... ਤੇ ਫੇਰ ਉਸੇ ਦਿਨ ਕਾਲੇ ਖਾਂ ਕਾਲਾ ਸਿੰਘ ਬਣ ਗਿਆ।

ਸਾਨੂੰ ਉਹਦੇ ਨਾਂ ਦੀ ਬਦਲੀ ਤੋਂ ਬਿਨਾਂ ਉਹਦੇ ਵਿਚ ਕੋਈ ਬਹੁਤਾ ਫਰਕ ਦਿਖਾਈ ਨਾ ਦਿੰਦਾ। ਉਹਦੇ ਪਹਿਲਾਂ ਵਰਗੇ ਹੀ ਕਪੜੇ-ਲੱਤੇ ਹੁੰਦੇ। ਉਹੋ ਖੱਦਰ ਦਾ ਕੁੜਤਾ, ਬੱਸ ਉਤੇ ਇਕ ਕਿਰਪਾਨ ਪੈ ਗਈ ਸੀ। ਉਹੋ ਖੱਦਰ ਦਾ ਸਾਫ਼ਾ; ਬੱਸ ਹੁਣ ਉਹ ਚਿੱਟੇ ਦੀ ਥਾਂ ਨੀਲਾ ਰੰਗਿਆ ਗਿਆ ਸੀ। ਉਹੋ ਖੱਦਰ ਦੀ ਧੋਤੀ ਅਤੇ ਉਹੋ ਧੌੜੀ ਦੇ ਜੁੱਤੇ। ਹਾਂ, ਇਕ ਉਹਨੇ ਆਪਣੇ ਨੱਕ ਹੇਠੋਂ ਮੁੱਛਾਂ ਕਤਰਨੀਆਂ ਛੱਡ ਦਿੱਤੀਆਂ ਸਨ। ਹੁਣ ਉਹਦੀਆਂ ਮੁੱਛਾਂ ਵੀ ਬਿਲਕੁਲ ਜੱਗਰ ਸਿਉਂ ਢੋਲਕੀ-ਵਾਲੇ ਦੀਆਂ ਮੁੱਛਾਂ ਵਰਗੀਆਂ ਹੋ ਗਈਆਂ ਸਨ। ਦਾੜ੍ਹੀ ਤਾਂ ਪਹਿਲਾਂ ਹੀ ਉਹਦੀ ਦਾੜ੍ਹੀ ਵਰਗੀ ਸੀ।

ਕਾਲੇ ਖਾਂ ਤੋਂ ਕਾਲਾ ਸਿੰਘ ਬਣਨ ਵਿਚ ਉਹਨੂੰ ਆਪ ਨੂੰ ਵੀ ਕੋਈ ਲੰਮਾ-ਚੌੜਾ ਫਰਕ ਪਿਆ ਨਹੀਂ ਸੀ ਜਾਪਦਾ। ਅੰਦਰ ਤਾਂ ਭਾਵੇਂ ਫਰਕ ਪਿਆ ਹੋਵੇ, ਪਰ ਓਦੋਂ ਮੈਨੂੰ ਇਹਨਾਂ ਗੱਲਾਂ ਦੀ, ਇਹਨਾਂ ਅੰਦਰਲੇ ਫਰਕਾਂ ਦੀ ਕੀ ਸਮਝ ਸੀ! ਪਹਿਲਾਂ ਵੀ ਲੋਕ ਉਹਨੂੰ ਕਾਲਾ ਚੌਕੀਦਾਰ ਹੀ ਕਹਿੰਦੇ ਸਨ, ਹੁਣ ਵੀ ਕਾਲਾ ਚੌਕੀਦਾਰ ਹੀ ਕਹਿੰਦੇ ਰਹੇ। ਨਾ ਉਹਨੂੰ ਪਹਿਲਾਂ ਕੋਈ ਕਾਲੇ ਖਾਂ ਕਹਿੰਦਾ ਸੀ ਅਤੇ ਨਾ ਹੁਣ ਉਹਨੂੰ ਕਿਸੇ ਨੇ ਕਾਲਾ ਸਿੰਘ ਕਹਿਣਾ ਸ਼ੁਰੂ ਕੀਤਾ। ਪਹਿਲਾਂ ਵਾਂਗ ਹੀ ਉਹ ਸਰਕਾਰੀ, ਪੰਚਾਇਤੀ ਅਤੇ ਹੋਰ ਹੋਕੇ ਦਿੰਦਾ।

ਉਹਦੀ ਚਾਲ ਕੁਝ ਚਿਰ ਥਿੜਕੀ ਜਿਹੀ ਰਹੀ, ਪਰ ਫੇਰ ਸੰਭਲ ਗਈ। ਉਹਦੀ ਆਵਾਜ਼ ਕੁਝ ਚਿਰ ਢਿੱਲੀ ਜਿਹੀ ਰਹੀ, ਪਰ ਫੇਰ ਪਹਿਲਾਂ ਵਾਂਗ ਹੀ ਟੁਣਕਣ ਲੱਗੀ। ਜਿਵੇਂ ਕਿਸੇ ਸੁੱਕ ਰਹੇ ਬੂਟੇ ਨੂੰ ਪਾਣੀ ਪਾਈਏ, ਤਾਂ ਉਹਦੇ ਪੱਤੇ ਕੁਝ ਚਿਰ ਕੁਮਲਾਏ-ਮੁਰਝਾਏ ਰਹਿੰਦੇ ਹਨ, ਪਰ ਫੇਰ ਹਰ-ਕਚਾਰ ਹੋ ਕੇ ਟਹਿਕ ਪੈਂਦੇ ਹਨ, ਇਉਂ ਹੀ ਉਹ ਪਹਿਲਾਂ ਵਾਂਗ ਰਹਿਣ, ਪਹਿਲਾਂ ਵਾਂਗ ਕੰਮ ਕਰਨ ਅਤੇ ਪਹਿਲਾਂ ਵਾਂਗ ਹੱਸਣ-ਬੋਲਣ ਲੱਗ ਪਿਆ ਸੀ।

ਤੇ ਜਦੋਂ ਮੈਂ ਪਿੰਡ ਨੇੜਲੇ ਸ਼ਹਿਰੋਂ ਦਸਵੀਂ ਕਰ ਰਿਹਾ ਸੀ, ਕਾਲਾ, ਜੋ ਵੀ ਉਹ ਹੈ ਸੀ, ਕਾਲੇ ਖਾਂ ਜਾਂ ਕਾਲਾ ਸਿੰਘ, ਇਕ-ਦੋ ਦਿਨ ਬੀਮਾਰ ਪੈ ਕੇ ਮਰ ਗਿਆ। ਅਸੀਂ ਸਕੂਲੋਂ ਮੁੜਦੇ ਪਾੜ੍ਹਿਆਂ ਨੇ ਪਿੰਡ ਦੇ ਬਾਹਰ ਸਿਵਿਆਂ ਵਿਚ ਅੱਗ ਬਲਦੀ ਦੇਖੀ ਤਾਂ ਪੁੱਛਣ ਉਤੇ ਪਤਾ ਲੱਗਿਆ ਕਿ ਉਥੇ ਕਾਲਾ ਚੌਕੀਦਾਰ ਫੂਕਿਆ ਗਿਆ ਸੀ।

ਕੁਝ ਸਾਲਾਂ ਮਗਰੋਂ ਕਾਲੇ ਖਾਂ ਦੀ ਕਾਲਾ ਸਿੰਘ ਦੇ ਰੂਪ ਵਿਚ ਤਬਦੀਲੀ ਵਾਲੀ ਕਹਾਣੀ ਦੇ ਦੋ ਹੋਰ ਮੁੱਖ-ਪਾਤਰ, ਮੈਂਗਲ ਸਿਉਂ ਅਤੇ ਪੰਡਿਤ ਰਾਮ ਪਰਤਾਪ ਵੀ ਚਲਦੇ ਬਣੇ। ਮੈਂਗਲ ਸਿਉਂ ਕੁਝ ਚਿਰ ਕਮਲਾ ਹੋਇਆ ਗਲੀਆਂ ਵਿਚ ਅਧ-ਪਾਟੇ ਕਪੜੇ ਪਾਈਂ ਫਿਰਦਾ ਰਿਹਾ ਅਤੇ ਫੇਰ ਅਚਾਨਕ ਅਲੋਪ ਹੋ ਗਿਆ। ਕੁਝ ਦਿਨਾਂ ਪਿਛੋਂ ਉਹਦੀ ਮੁਸ਼ਕੀ ਹੋਈ ਲਾਸ਼ ਪਿੰਡ ਦੇ ਬਾਹਰ-ਵਾਰ ਬੋੜੇ ਖੂਹ ਵਿਚੋਂ ਮਿਲੀ। ਕੁਝ ਸਮੇਂ ਦੀ ਵਿੱਥ ਨਾਲ ਪੰਡਿਤ ਰਾਮ ਪਰਤਾਪ ਹਿੱਕ ਉਤੇ ਨਿਕਲੇ "ਗੰਭੀਰ ਫੋੜੇ" ਨਾਲ ਲੰਮੇ ਸਮੇਂ ਤੱਕ ਤੜਫ਼-ਤੜਫ਼ ਕੇ ਮਰ ਗਿਆ।

ਪਿੰਡ ਵਿਚ ਆਮ ਬੰਦਿਆਂ ਦੀ "ਆਈ" ਮੌਤ ਦੇ ਨਾਲ-ਨਾਲ ਕੋਈ-ਕੋਈ ਮੌਤ "ਅਣ-ਆਈ" ਵੀ ਹੋ ਹੀ ਜਾਂਦੀ ਸੀ। ਪਰ ਲੋਕਾਂ ਦਾ ਵਿਸ਼ਵਾਸ਼ ਸੀ ਕਿ ਮੈਂਗਲ ਸਿਉਂ ਦਾ ਕਮਲਾ ਹੋਣ ਪਿਛੋਂ ਗਲੀਆਂ ਵਿਚ ਕੁੱਤੇ ਦੀ ਜੂਨ ਰੁਲਣਾ ਤੇ ਫੇਰ ਸੁੰਨੇ ਖੂਹ ਵਿਚ ਡਿੱਗ ਕੇ ਮਰਨਾ ਅਤੇ ਪੰਡਿਤ ਰਾਮ ਪਰਤਾਪ ਦਾ "ਗੰਭੀਰ ਫੋੜੇ" ਨਾਲ ਗਲ-ਗਲ ਕੇ, ਤੜਫ਼-ਤੜਫ਼ ਕੇ ਮੁੱਕਣਾ ਉਹਨਾਂ ਦੇ ਘੋਰ ਪਾਪਾਂ ਦੇ ਫਲ ਸਨ।

ਇਉਂ ਕਾਲੇ ਖਾਂ ਵਾਲੀ, ਜਾਂ ਕਹਿ ਲਵੋ ਕਿ ਕਾਲਾ ਸਿੰਘ ਵਾਲੀ ਕਹਾਣੀ ਦੇ ਤਿੰਨੇ ਮੁੱਖ-ਪਾਤਰ ਦੇ ਮਰ ਜਾਣ ਨਾਲ ਇਸ ਗੱਲ ਦਾ ਇਕ ਤਰ੍ਹਾਂ ਨਾਲ ਭੋਗ ਹੀ ਪੈ ਗਿਆ ਸੀ। ਪਰ ਹੁਣ ਜਦੋਂ ਪੰਜਾਬ ਦੀ ਧਰਤੀ ਉਤੇ ਫੇਰ ਤੇੜਾਂ ਪਾਟਣ ਲੱਗੀਆਂ, ਕਾਲੇ ਖਾਂ ਵਰਗੇ ਲੋਕ ਅਕਸਰ ਹੀ ਯਾਦ ਆਉਣ ਲੱਗੇ, ਜਿਹੜੇ ਆਪ ਕਦੀ ਪਾਣੀ ਗੰਧਲਾ ਅਤੇ ਜੂਠਾ ਨਹੀਂ ਕਰਦੇ ਹੁੰਦੇ, ਪਰ ਜਿਨ੍ਹਾਂ ਨੂੰ ਆਪਣੇ ਪਿਉ ਜਾਂ ਪਿਉ ਦੇ ਪਿਉ ਜਾਂ ਸ਼ਾਇਦ ਉਹਦੇ ਵੀ ਪਿਉ ਵੱਲੋਂ ਕੀਤੇ ਗਏ ਪਾਣੀ ਨੂੰ ਗੰਧਾਲਣ ਅਤੇ ਜੂਠਾ ਕਰਨ ਦੇ ਕਥਿਤ ਅਪਰਾਧ ਦੀ ਸਜ਼ਾ ਨਿਹੱਕਿਆਂ ਹੀ ਭੁਗਤਣੀ ਪੈਂਦੀ ਹੈ। ਕਾਲੇ ਖਾਂ ਅਤੇ ਉਹਦੇ ਵਰਗੇ ਲੋਕ ਯਾਦ ਆਉਂਦੇ ਤਾਂ ਨਾਲ ਹੀ ਮੈਨੂੰ ਮੈਂਗਲ ਸਿਉਂ ਅਤੇ ਪੰਡਿਤ ਰਾਮ ਪਰਤਾਪ ਦਾ ਚੇਤਾ ਆ ਜਾਂਦਾ। ਸੰਤਾਲੀ ਦੇ ਫਸਾਦਾਂ ਵਿਚ ਉਹ ਸਾਂਝੀਆਂ ਫੌਜਾਂ ਦੇ ਜਰਨੈਲ ਸਨ। ਜੇ ਉਹ ਅੱਜ ਜਿਉਂਦੇ ਹੁੰਦੇ, ਤਾਂ ਉਹਨਾਂ ਨੇ ਇਕ ਦੂਜੀ ਦੀਆਂ ਵਿਰੋਧੀ ਫੌਜਾਂ ਦੇ ਕਮਾਂਡਰ ਹੋਣਾ ਸੀ।

ਕਾਲੇ ਚੌਕੀਦਾਰ ਦਾ ਸਿਵਾ ਮੈਂ ਆਪ ਆਪਣੇ ਅੱਖੀਂ ਬਲਦਾ ਦੇਖਿਆ ਸੀ, ਤੀਹ ਸਾਲ ਪਹਿਲਾਂ। ਪਰ ਉਹ ਮੇਰੇ ਸਾਹਮਣੇ ਸਾਮਰਤੱਖ ਖਲੋਤਾ ਸੀ। ਬਹੁਤ ਚਿਰ ਹੋਇਆ, ਮੈਂਗਲ ਸਿਉਂ ਸੁੱਕੇ ਖੂਹ ਵਿਚ ਡਿੱਗ ਕੇ ਅਤੇ ਪੰਡਿਤ ਰਾਮ ਪਰਤਾਪ ਹਿੱਕ ਉਤੇ ਨਿਕਲੇ "ਗੰਭੀਰ ਫੋੜੇ" ਦਾ ਨਰਕ ਭੋਗ ਕੇ ਮਰ ਗਏ ਸਨ। ਪਰ ਕਾਲੇ ਖਾਂ ਦਾ ਇਕ ਡੌਲਾ ਮੈਂਗਲ ਸਿਉਂ ਨੇ ਫੜਿਆ ਹੋਇਆ ਸੀ ਅਤੇ ਦੂਜਾ ਰਾਮ ਪਰਤਾਪ ਨੇ। ਹਾਂ, ਮੈਂਗਲ ਸਿਉਂ ਅਤੇ ਰਾਮ ਪਰਤਾਪ ਦੇ ਭੂਤਾਂ ਨੇ ਕਾਲੇ ਚੌਕੀਦਾਰ ਦੇ ਭੂਤ ਨੂੰ ਡੌਲਿਆਂ ਤੋਂ ਫੜਿਆ ਹੋਇਆ ਸੀ।

"ਸਾਅਬ, ਕਿਹੜੀਆਂ ਬਰੀਕੀਆਂ ਵਿਚ ਪੈ ਗਏ? ਬੱਸ ਐਵੇਂ ਮੋਟਾ ਹਿਸਾਬ ਹੀ ਦੱਸ ਦਿਉ!" ਕਾਲੇ ਚਪੜਾਸ਼ੀ ਨੇ ਮੈਨੂੰ ਸੋਚਾਂ ਵਿਚੋਂ ਜਗਾ ਕੇ ਆਖਿਆ। ਉਹ ਮੇਰੇ ਸਾਹਮਣੇ ਰੱਖੇ ਅਖਬਾਰ ਵਿਚ ਛਪੇ ਹੋਏ ਵਰਗਾ ਇਕ ਇਸ਼ਤਿਹਾਰ ਛਪਵਾਉਣਾ ਚਾਹੁੰਦਾ ਸੀ ਅਤੇ ਮੈਥੋਂ ਉਹਦੇ ਤਰੀਕੇ ਬਾਰੇ ਤੇ ਉਸ ਉਤੇ ਆਉਣ ਵਾਲੇ ਖਰਚ ਬਾਰੇ ਪੁੱਛ ਰਿਹਾ ਸੀ।

ਮੇਰੇ ਦੇਖਦਿਆਂ-ਦੇਖਦਿਆਂ ਮੈਂਗਲ ਸਿਉਂ ਅਤੇ ਪੰਡਿਤ ਰਾਮ ਪਰਤਾਪ ਦੇ ਫੜੇ ਹੋਏ ਕਾਲੇ ਖਾਂ ਚੌਕੀਦਾਰ ਦਾ ਮੂੰਹ ਕਾਲੇ ਚਪੜਾਸੀ ਦੇ ਮੂੰਹ ਵਿਚ ਪਲਟਣ ਲੱਗਿਆ। ਮੈਂਗਲ ਸਿਉਂ ਅਤੇ ਪੰਡਿਤ ਰਾਮ ਪਰਤਾਪ ਦੇ ਭੂਤ ਕਾਲੇ ਚਪੜਾਸ਼ੀ ਨੂੰ ਆਪਣੇ-ਆਪਣੇ ਪਾਸੇ ਖਿੱਚ ਰਹੇ ਸਨ। ਦੋਵਾਂ ਵੱਲੋਂ ਦੋ ਪਾਸੀਂ ਖਿੱਚੇ ਜਾਣ ਕਾਰਨ ਵਡਰੂਪ ਹੁੰਦੇ ਜਾ ਰਹੇ ਚਿਹਰੇ ਨਾਲ ਕਾਲਾ ਚਪੜਾਸੀ ਮੈਨੂੰ ਕਹਿ ਰਿਹਾ ਸੀ, "ਮੈਂ ਸਾਡੀ ਗਲੀ ਦੇ ਬਾਕੀ ਸਾਰੇ ਘਰਾਂ ਵਰਗਾ ਹੋ ਜਾਵਾਂ ... ਸਾਰੀ ਗਲੀ ਵਿਚ ਇਕੋ ਸਾਡਾ ਘਰ ਹੀ ..."

ਮੈਂ ਉਸ ਵੱਲੋਂ ਮੇਰੇ ਸਾਹਮਣੇ ਰੱਖਿਆ ਹੋਇਆ "ਨਾਂ ਦੀ ਤਬਦੀਲੀ" ਦੇ ਇਸ਼ਤਿਹਾਰ ਵਾਲਾ ਅਖਬਾਰ ਪਾੜਨ ਲਈ ਹੱਥ ਵਧਾਉਣਾ ਚਾਹਿਆ, ਪਰ ਇਹਤੋਂ ਪਹਿਲਾਂ ਹੀ ਦੋਵਾਂ ਪਾਸਿਆਂ ਤੋਂ ਖਿੱਚੇ ਜਾਣ ਨਾਲ ਪਾਟਦਾ ਜਾਂਦਾ ਕਾਲੇ ਦਾ ਚਿਹਰਾ ਮੇਰੇ ਆਪਣੇ ਚਿਹਰੇ ਵਿਚ ਵਟ ਗਿਆ। ਮੈਂ ਕੰਬ ਕੇ ਮੈਂਗਲ ਸਿਉਂ ਅਤੇ ਪੰਡਿਤ ਰਾਮ ਪਰਤਾਪ ਦੇ ਭੂਤਾਂ ਵੱਲ ਦੇਖਿਆ—ਉਹਨਾਂ ਨੂੰ ਵੀ ਮੇਰੇ ਹੀ ਚਿਹਰੇ ਲੱਗੇ ਹੋਏ ਸਨ!

ਕੈਨੇਡਾ ਦੇ ਸਿੱਖ ਗੁਰਦੁਆਰਾ ਸਾਹਿਬਾਨ

ਇਸ ਲੇਖ ਰਾਹੀਂ ਆਪ ਜੀ ਨੂੰ ਕੈਨੇਡਾ ਵਿਚ ਵਸਦੇ ਸਿੱਖਾਂ ਬਾਰੇ ਕੁਝ ਵਾਕਫੀਅਤ ਦੇਣ ਦੀ ਕੋਸ਼ਿਸ਼ ਕਰਾਂਗੇ। ਬੇ ਭਰੋਸੇ ਯੋਗ ਕਈ ਕਹਾਣੀਆਂ ਤੋਂ ਤਾਂ ਇਹ ਪਤਾ ਲਗਦਾ ਹੈ ਕਿ ਏਸ਼ੀਆ ਅਤੇ ਯੂਰਪ ਤੋਂ ਅਮਰੀਕਾ ਦਾ ਮਹਾਂਦੀਪ ਕੋਈ ਲੁਕਿਆ ਛੁਪਿਆ ਨਹੀਂ ਸੀ, ਪਰ ਯੁਗਾਂ ਦੀ ਅਦਲੀ ਬਦਲੀ ਕਾਰਨ ਇਹ ਗੱਲ ਭੁੱਲ ਚੁਕੀ ਸੀ। ਇਕ ਲੇਖਕ ਅਨੁਸਾਰ ਕਿਹਾ ਜਾਂਦਾ ਹੈ ਕਿ ਕੋਈ 5000 ਸਾਲ ਪਹਿਲਾਂ ਭਾਰਤੀ ਧਾਰਮਿਕ ਅਤੇ ਸਿਆਸੀ ਮਿਸ਼ਨਾਂ ਉਪਰ ਯੂਰਪ ਅਤੇ ਅਮਰੀਕਾ ਵਿਚ ਆਉਂਦੇ ਰਹੇ ਹਨ। ਇਸੇ ਤਰ੍ਹਾਂ ਰਿਸ਼ੀ ਵਿਆਸ ਅਤੇ ਸੁਖਦੇਵ ਜੀ ਦੇ ਅਮਰੀਕਾ ਵਿਚ ਆਉਣ ਦੀ ਕਹਾਣੀ ਦੱਸੀ ਗਈ ਹੈ।

ਅਜ ਇਹ ਹੀ ਮੰਨਿਆ ਜਾਂਦਾ ਹੈ ਕਿ ਕੁਲੰਬਸ ਨੇ ਅਮਰੀਕਾ ਲੱਭੀ, ਉਸ ਸਮੇਂ ਅਮਰੀਕਾ ਵਿਚ ਵਸਣ ਵਾਲੇ ਲੋਕਾਂ ਨੂੰ ਇੰਡੀਅਨ ਕਿਹਾ ਗਿਆ ਅਤੇ ਅਜਕਲ੍ਹ ਰੈਡ ਜਾਂ ਨੇਟਿਵ ਇੰਡੀਅਨ ਕਿਹਾ ਜਾਂਦਾ ਹੈ। ਇਨ੍ਹਾਂ ਨੇਟਿਵ ਇੰਡੀਅਨਾਂ ਦੇ ਰਸਮ ਰਿਵਾਜ, ਪੂਜਾ ਦੇ ਤਰੀਕੇ, ਲੜਾਈ ਦੇ ਹਥਿਆਰ ਪੁਰਾਣੀ ਭਾਰਤੀ ਸਭਿਅਤਾ ਨਾਲ ਇਨ ਬਿਨ ਮਿਲਦੇ ਹਨ। ਇਨ੍ਹਾਂ ਦੇ ਸਿਰ ਉਪਰ ਕਾਲੇ ਚਮਕੀਲੇ ਕੇਸ ਵੀ ਭਾਰਤੀਆਂ ਦੀ ਤਰ੍ਹਾਂ ਹੀ ਹਨ ਅਤੇ ਰੰਗ ਵੀ ਆਬੋਹਵਾ ਅਨੁਸਾਰ ਹਿਮਾਲੀਆ ਵਿਚ ਵਸਦੀਆਂ ਕੌਮਾਂ ਵਾਂਗ ਹਨ ਪਰ ਮੂੰਹ ਅਤੇ ਚਿਹਰਾ ਜ਼ਿਆਦਾ ਚੌੜਾ ਹੈ। ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਅਮਰੀਕਾ ਵਿਚੋਂ ਜਿਥੋਂ ਵੀ ਥਾਂ ਥਾਂ ਤੋਂ ਕੁਝ ਪੁਰਾਣੇ ਹਥਿਆਰ ਮਿਲੇ ਹਨ ਉਹ ਭਾਰਤੀ ਪੁਰਾਣੀ ਪੱਥਰ ਯੁਗ ਦੀ ਸਭਿਅਤਾ ਸਮੇਂ ਦੇ ਹਥਿਆਰਾਂ ਨਾਲ ਮਿਲਦੇ ਹਨ। ਇਨ੍ਹਾਂ ਗੱਲਾਂ ਤੋਂ ਇਹ ਹੀ ਸਬੂਤ ਮਿਲਦਾ ਹੈ ਕਿ ਅਮਰੀਕਾ ਦੇ ਲੋਕਾਂ ਦਾ ਭਾਰਤ ਅਤੇ ਯੂਰਪ ਨਾਲ ਸਬੰਧ ਹਜ਼ਾਰਾਂ ਸਾਲਾਂ ਤੋਂ ਹੈ। ਅਮਰੀਕਾ ਅਤੇ ਕੈਨੇਡਾ ਦੇ ਪਹਿਲੇ ਵਸਨੀਕ (ਨੇਟਿਵ ਇੰਡੀਅਨ) ਆਰੀਆ ਤੋਂ ਵੀ ਪਹਿਲਾਂ ਭਾਰਤ ਨਾਲ ਸਬੰਧਤ ਸਨ। ਇਸ ਬਾਰੇ ਅਜੇ ਖੋਜ ਯੂਨੀਵਰਸਿਟੀਆਂ ਕਰ ਰਹੀਆਂ ਹਨ, ਹੁਣ ਅਸੀਂ ਗੱਲ ਨਵੇਂ ਜ਼ਮਾਨੇ ਦੀ ਕਰਦੇ ਹਾਂ।

ਅਮਰੀਕਾ ਸਰਕਾਰ ਦੇ ਲਿਖਤੀ ਰੀਕਾਰਡ ਅਨੁਸਾਰ ਅਮਰੀਕਾ ਵਿਚ 1859 ਈ: ਨੂੰ ਕੇਵਲ ਪੰਜ ਭਾਰਤੀ ਸਨ। 1820 ਤੋਂ 1900 ਤਕ ਦੋ ਕਰੋੜ ਤੋਂ ਵੱਧ ਲੋਕ ਅਮਰੀਕਾ ਵਿਚ ਬਾਹਰਲੇ ਦੇਸਾਂ ਤੋਂ ਆ ਕੇ ਵਸੇ ਪਰ ਭਾਰਤ ਤੋਂ ਕੇਵਲ ਛੇ ਆਦਮੀ ਹੀ ਕਾਨੂੰਨੀ ਤੌਰ ਉਪਰ ਦਾਖਲ ਹੋਏ। 1890 ਵਿਚ ਕੈਨੇਡਾ ਵਿਚ ਕੋਈ ਵੀ ਸਿੱਖ ਨਹੀਂ ਸੀ, ਪਹਿਲੀ ਵਾਰ 1895 ਵਿਚ ਕੁਝ ਪਗੜੀਆਂ ਵਾਲੇ ਸਿੱਖ ਕੈਨੇਡਾ ਦੀ ਧਰਤੀ ਉਪਰ ਵੈਨਕੂਵਰ ਵਿਚ ਤੁਰੇ ਫਿਰਦੇ ਦਿਖਾਈ ਦਿਤੇ ਪਰ ਉਨ੍ਹਾਂ ਬਾਰੇ ਕੋਈ ਪਤਾ ਨਹੀਂ ਕਿ ਉਹ ਕਿਸ ਰਸਤੇ ਅਤੇ ਠੀਕ ਕਿਸ ਤਾਰੀਕ ਨੂੰ ਕੈਨੇਡਾ ਪੁਜੇ। 1896 ਵਿਚ ਇੰਗਲੈਂਡ ਵਿਚ ਮਹਾਰਾਣੀ ਵਿਕਟੋਰੀਆ ਦੇ ਰਾਜ ਦੀ ਗੋਲਡਨ ਜੁਬਲੀ ਮਨਾਈ ਗਈ। ਜਿਸ ਵਿਚ ਭਾਰਤ ਤੋਂ ਵੀ ਇਕ ਸਿੱਖਾਂ ਦੀ ਰੈਜਮੈਂਟ ਲੰਡਨ ਆਈ। ਵਾਪਸੀ ਸਮੇਂ ਸਿੱਖਾਂ ਦੀ ਉਸ ਰੈਜਮੈਂਟ ਨੂੰ ਅੰਗਰੇਜ਼ਾਂ ਨੇ ਕੈਨੇਡਾ ਅਤੇ ਅਮਰੀਕਾ ਰਾਹੀਂ ਸੈਰ ਕਰਵਾ ਕੇ ਵਾਪਸ ਭਾਰਤ ਭੇਜਿਆ। ਜਿਸ ਨਾਲ ਕਿ ਸਿੱਖਾਂ ਨੂੰ ਕੈਨੇਡਾ ਦੀ ਧਰਤੀ ਬਾਰੇ ਗਿਆਨ ਪ੍ਰਾਪਤ ਹੋਇਆ। 1900 ਈ: ਨੂੰ ਬੀ. ਸੀ. ਕੈਨੇਡਾ ਵਿਚ ਭਾਰਤੀਆਂ ਦੀ ਗਿਣਤੀ 100 ਦੇ ਲਗਪਗ ਸੀ ਅਤੇ ਇਹ ਸਾਰੇ ਹੀ ਪੰਜਾਬੀ ਸਿੱਖ ਸਨ। ਇਸ ਲਈ ਅਸੀਂ ਕਹਾਂਗੇ ਕਿ 19ਵੀਂ ਸਦੀ ਦੇ ਪਿਛਲੇ ਦਹਾਕੇ ਵਿਚ ਪਹਿਲੇ ਸਿੱਖ ਕੈਨੇਡਾ ਅਤੇ ਅਮਰੀਕਾ ਦੀ ਧਰਤੀ ਉਪਰ ਪੁੱਜੇ।

1904 ਦੀ ਮਰਦਮ ਸ਼ੁਮਾਰੀ ਵਿਚ ਬੀ. ਸੀ. ਵਿਚ ਸਿੱਖਾਂ ਦੀ ਅਬਾਦੀ 258 ਸੀ। ਇਸ ਤਰ੍ਹਾਂ 1904 ਤੋਂ ਬਾਦ ਸਿੱਖ ਕੈਨੇਡਾ ਵਿਚ ਹੋਰ ਆਉਣ ਲਗ ਪਏ, 1905 ਵਿਚ 45 ਹੋਰ ਆਏ, 1906 ਵਿਚ 387 ਸਿੱਖ ਆਏ। 1906 ਵਿਚ ਸਿੱਖਾਂ ਦੀ ਗਿਣਤੀ 690 ਤੱਕ ਪਹੁੰਚ ਗਈ। ਇਨ੍ਹਾਂ ਆਉਣ ਵਾਲੇ ਸਿੱਖਾਂ ਵਿਚ ਬਹੁਤੇ ਪੰਜਾਬ ਰਜਮੈਂਟ ਹਾਂਗਕਾਂਗ ਦੇ ਰੀਟਾਇਰਡ ਫੌਜੀ ਸਨ ਜੋ ਕਿ ਏਥੇ ਆਉਣ ਤੋਂ ਪਹਿਲਾਂ ਹਾਂਗਕਾਂਗ ਅਤੇ ਸ਼ੰਘਾਈ ਵਿਚ ਰਹਿੰਦੇ ਸਨ। ਇਨ੍ਹਾਂ ਨਵੇਂ ਆਏ ਸਿੱਖਾਂ ਵਿਚੋਂ ਬਹੁਤੇ ਅਨਪੜ੍ਹ ਸਨ ਅਤੇ ਏਥੇ ਆ ਕੇ ਇਨ੍ਹਾਂ ਲਾਗਿੰਗ ਕੈਂਪਾਂ, ਮਿਲਾਂ ਅਤੇ ਫਾਰਮਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ।

ਜਦੋਂ ਇਹ ਪਹਿਲੇ ਆਏ ਹੋਏ ਲੋਕ ਏਥੇ ਠੀਕ ਤਰ੍ਹਾਂ ਵਸਣ ਲਗ ਪਏ ਤਾਂ ਦੇਖਾਦੇਖੀ ਹੋਰ ਵੀ ਆਉਣੇ ਸ਼ੁਰੂ ਹੋ ਗਏ। ਤਾਂ ਪਹਿਲੀ ਵਾਰ ਕੈਨੇਡਾ ਸਰਕਾਰ ਨੇ ਇੰਮੀਗਰਾਂਟਸ ਨੂੰ ਕੈਨੇਡਾ ਵਿਚ ਆਉਣ ਤੇ ਸਖਤੀ ਕਰਨ ਲਈ 1906 ਵਿਚ ਇੰਮੀਗਰੇਸ਼ਨ ਕੰਟਰੋਲ ਐਕਟ ਬਣਾਇਆ।

ਜਿਥੇ ਜਿਥੇ ਵੀ ਗੁਰੂ ਕੇ ਸਿੱਖ ਇਸ ਧਰਤੀ ਤੇ ਪੁਜੇ ਉਨ੍ਹਾਂ ਪਹਿਲਾਂ ਆਪਦਾ ਘਰ ਬਨਾਉਣ ਦੀ ਬਜਾਏ ਗੁਰੂਘਰ ਬਣਾਏ ਅਤੇ ਕੇਸਰੀ ਨਿਸ਼ਾਨ ਸਾਹਿਬ ਉਚੇ ਲਹਿਰਾਏ। ਇਸੇ ਤਰ੍ਹਾਂ ਅਮਰੀਕਾ ਮਹਾਂਦੀਪ ਵਿਚ ਸਿੱਖਾਂ ਦੀ ਪਹਿਲੀ ਜਥੇਬੰਦੀ 1906 ਵਿਚ ਹੋਂਦ ਵਿਚ ਆਈ ਜਿਸ ਦਾ ਨਾਮ "ਖਾਲਸਾ ਦੀਵਾਨ ਸੁਸਾਇਟੀ" ਰਖਿਆ ਗਿਆ ਅਤੇ ਇਸ ਦਾ ਹੈਡ ਕੁਆਰਟਰ ਵੈਨਕੂਵਰ ਵਿਚ ਬਣਿਆ। ਇਸ ਸਮੇਂ ਹੀ ਸ: ਸਰਦਾਰਾ ਸਿੰਘ ਪਿੰਡ ਮਲਕ ਤਹਿਸੀਲ ਜਗਰਾਉਂ ਨੇ ਆਪਦੀ ਕੈਨੇਡਾ ਦੀ ਕਮਾਈ ਸਫਲ ਕਰਦੇ ਹੋਏ ਕੈਨੇਡਾ ਵਿਚ ਪਹਿਲਾ ਗੁਰਦੁਵਾਰਾ ਸਾਹਿਬ ਬਨਾਉਣ ਲਈ ਜ਼ਮੀਨ ਦਾਨ ਦਿੱਤੀ ਸੀ। ਸੋ 1907 ਵਿਚ ਗੁਰਦੁਵਾਰਾ ਸਾਹਿਬ ਬਣਨਾ ਸ਼ੁਰੂ ਹੋਇਆ ਅਤੇ 1908 ਵਿਚ ਮੁਕੰਮਲ ਹੋਇਆ। ਇਸ ਤਰ੍ਹਾਂ 1908 ਵਿਚ ਵੈਸਟਰਨ ਹੈਮੀਸਫੀਅਰ ਵਿਚ ਪਹਿਲਾ ਕੇਸਰੀ ਨਿਸ਼ਾਨ ਸਾਹਿਬ



ਸਾਡਾ ਵਿਰਸਾ : ਮਈ, 1936 ਵਿਚ ਸਾਡੇ ਇੰਡੋ-ਕੈਨੇਡੀਅਨ ਲੋਕਾਂ ਦੀ ਵੈਨਕੂਵਰ ਗੁਰਦੁਆਰੇ ਸਾਹਮਣੇ ਇਕੱਤਰਤਾ

ਵੈਨਕੂਵਰ ਵਿਚ ਝੁਲਾਇਆ ਗਿਆ। ਪਿਛਲੇ ਦਿਨੀਂ ਇਹ ਗੱਲ ਵੀ ਸੁਣੀ ਗਈ ਹੈ ਕਿ ਸ਼ਾਇਦ 1880 ਵਿਚ ਗੋਲਡਨ ਬੀ. ਸੀ, ਵਿਖੇ ਸਿੱਖਾਂ ਦਾ ਗੁਰਦੁਆਰਾ ਸਾਹਿਬ ਸੀ।

ਇਸ ਤੋਂ ਬਾਦ ਖਾਲਸਾ ਦੀਵਾਨ ਸੁਸਾਇਟੀ ਦੀਆਂ ਬਰਾਂਚਾਂ ਦੇ ਅਧੀਨ 1912 ਈ: ਵਿਕਟੋਰੀਆ, ਐਬਟਸਫੋਰਡ ਅਤੇ ਨਿਊਵੈਸਟਮਿਨਸਟਰ ਵਿਚ ਗੁਰਦੁਵਾਰੇ ਸਾਹਿਬ ਬਣੇ। ਇਸ ਸਮੇਂ ਇਕੱਲੇ ਬੀ. ਸੀ. ਵਿਚ 34 ਗੁਰਦੁਵਾਰੇ ਸਾਹਿਬ ਹਨ। ਨਾਰਥ ਅਮਰੀਕਾ ਵਿਚ 150 ਤੋਂ ਵੱਧ ਗੁਰਦੁਵਾਰਾ ਸਾਹਿਬ ਹਨ। ਸੰਗਤਾਂ ਹੋਰ ਵੀ ਗੁਰਦੁਵਾਰਾ ਸਾਹਿਬ ਬਣਵਾ ਰਹੀਆਂ ਹਨ।

ਕੈਨੇਡਾ ਅਤੇ ਅਮਰੀਕਾ ਵਿਚ ਕੁਲ ਸਾਢੇ ਪੰਜ ਲੱਖ ਤੋਂ ਵੱਧ ਭਾਰਤੀ ਰਹਿੰਦੇ ਹਨ। ਜਿੰਨ੍ਹਾਂ ਵਿਚੋਂ ਚਾਰ ਲੱਖ ਤੋਂ ਵੱਧ ਪੰਜਾਬੀ ਸਿੱਖ ਹਨ। ਸਭ ਤੋਂ ਵੱਧ ਸਿੱਖ ਬੀ. ਸੀ. ਵਿਚ ਅੱਸੀ ਹਜ਼ਾਰ ਤੇ ਕਰੀਬ ਰਹਿੰਦੇ ਹਨ। ਜ਼ਿਆਦਾ ਕਰਕੇ ਲੇਬਰ ਹੀ ਕਰਦੇ ਹਨ, ਪਰ 1967 ਤੋਂ ਮਗਰੋਂ ਬਹੁਤ ਸਾਰੇ ਪੜ੍ਹੇ ਲਿਖੇ ਨੌਜੁਆਨ ਇਥੇ ਆਏ ਹਨ ਜਿਨ੍ਹਾਂ ਨੇ ਕਿ ਲੇਬਰ ਤੋਂ ਇਲਾਵਾ ਪ੍ਰੋਫੈਸ਼ਨਲ ਜੌਬ ਕਰਨੇ ਵੀ ਸ਼ੁਰੂ ਕੀਤੇ ਹਨ। ਇਸ ਸਮੇਂ ਤੁਹਾਨੂੰ ਹਰ ਯੂਨੀਵਰਸਿਟੀ ਵਿਚ ਸਿੱਖ ਪ੍ਰੋਫੈਸਰ ਮਿਲ ਸਕਦੇ ਹਨ। ਇੰਜੀਨੀਅਰ, ਡਾਕਟਰ, ਪ੍ਰੋਫੈਸਰ, ਟੀਚਰ ਭਾਵ ਹਰ ਵਿਭਾਗ ਵਿਚ ਸਿੱਖ ਨੌਜੁਆਨ ਤਰੱਕੀ ਕਰਦੇ ਵਿਖਾਈ ਦੇਣਗੇ। 1906 ਦੇ ਆਏ ਬਜ਼ੁਰਗਾਂ ਦੀਆਂ ਚੌਥੀਆਂ ਪੀੜ੍ਹੀਆਂ ਏਥੇ ਪੈਦਾ ਹੋ ਚੁਕੀਆਂ ਹਨ ਜੋ ਕਿ ਭਾਰਤ ਨੂੰ ਭੁਲ ਹੀ ਚੁਕੇ ਹਨ।

ਸਿੱਖ ਪਰਵਾਰ ਸਦੀਆਂ ਤੋਂ ਪਈਆਂ ਆਦਤਾਂ ਅਨੁਸਾਰ ਇਥੇ ਵੀ ਜ਼ਮੀਨਾਂ ਖਰੀਦ ਕੇ ਚੰਗੀ ਖੇਤੀਬਾੜੀ ਕਰਦੇ ਹਨ, ਆਪਦੇ ਡਾਇਰੀ ਫਾਰਮ, ਪੋਇਟਰੀ ਫਾਰਮ, ਇੰਜੀਨੀਅਰ ਕੰਪਨੀਆਂ, ਬਿਜਨਿਸ ਦੇ ਕਾਰੋਬਾਰ ਕਰਦੇ ਹਨ ਅਤੇ ਮਾਲਕ ਹਨ। ਪੈਸੇ ਦੇ ਤੌਰ ਤੇ ਹਾਲਤ ਕਾਫੀ ਚੰਗੀ ਹੈ। ਜ਼ਿੰਦਗੀ ਦੀਆਂ ਜ਼ਰੂਰਤਾਵਾਂ ਪੂਰੀਆਂ ਪਰਾਪਤ ਹਨ, ਆਪਦੇ ਪੁਰਾਣੇ ਰਸਮੋ-ਰਿਵਾਜ, ਤਿਉਹਾਰ ਮਨਾਉਂਦੇ ਹਨ, ਆਪਦੀ ਮਰਜੀ ਦਾ ਪਹਿਰਾਵਾ ਪਹਿਨਦੇ ਹਨ। ਪਰ ਭਾਰਤ ਦੀ ਤਰ੍ਹਾਂ ਦਿਲੀ ਪਿਆਰ ਇਥੇ ਨਹੀਂ ਰਿਹਾ, ਖੁਦਗਰਜ਼ੀ ਜ਼ਿਆਦਾ ਹੈ।

1908 ਤੋਂ ਲੈ ਕੇ 1940 ਤੱਕ ਗੁਰਦੁਵਾਰਾ ਸਾਹਿਬਾਨਾਂ ਦਾ ਪ੍ਰਬੰਧ ਬਿਲਕੁਲ ਗੁਰਮੁਤਿ ਰਹਿਤ ਮਰਯਾਦਾ ਅਨੁਸਾਰ ਸਿਖ ਕਰਦੇ ਸਨ। ਉਹ ਸਿੰਘ ਜ਼ਿਆਦਾ ਕਰਕੇ ਭਾਰਤ ਦੀ ਆਜ਼ਾਦੀ ਲਈ ਇਥੋਂ ਬੈਠੇ ਜੱਦੋ ਜਹਿਦ ਕਰਦੇ ਸਨ। ਬੱਬਰ ਅਕਾਲੀ ਲਹਿਰ ਅਤੇ ਗਦਰ ਪਾਰਟੀ ਦਾ ਜਨਮ ਕੈਨੇਡਾ ਅਤੇ ਅਮਰੀਕਾ ਦੀ ਧਰਤੀ ਉਪਰ ਹੀ ਹੋਇਆ। ਇਹ ਇਤਿਹਾਸ ਕਾਫੀ ਲੰਬਾ ਹੈ, ਫੇਰ ਕਦੇ ਮੌਕਾ ਮਿਲਿਆ ਤਾਂ ਇਨ੍ਹਾਂ ਉਪਰ ਅਲੱਗ ਅਲੱਗ ਕਰਕੇ ਪੂਰੀ ਵਿਚਾਰ ਕਰਾਂਗੇ। ਯਾਦ ਰਹੇ ਕਿ ਕਾਮਾਂਗਾਟਾ ਮਾਰੂ ਜਹਾਜ਼ (ਗੁਰੂ ਨਾਨਕ ਜਹਾਜ਼) ਦਾ ਪੂਰਾ ਪੂਰਾ ਸਬੰਧ ਵੈਨਕੂਵਰ (ਕੈਨੇਡਾ) ਨਾਲ ਹੀ ਹੈ। 1940 ਤੋਂ ਮਗਰੋਂ ਸਿਦਕੀ ਸਿੱਖ ਜਾਂ ਤਾਂ ਵਾਪਸ ਆਜ਼ਾਦੀ ਦੀ ਲੜਾਈ ਵਿਚ ਹਿਸਾ ਲੈਣ ਲਈ ਭਾਰਤ ਚਲੇ ਗਏ ਜਾਂ ਜ਼ਿਆਦਾ ਬੁਢੇ ਹੋ ਕੇ ਪੂਰੀ ਸਰਗਰਮੀ ਨਾਲ ਕੰਮ ਨਾ ਕਰ ਸਕੇ। ਨਤੀਜਾ ਇਹ ਹੋਇਆ ਕਿ ਕੇਵਲ ਪੈਸਾ ਕਮਾਉਣ ਆਏ ਲੋਕਾਂ ਨੇ ਮੌਕੇ ਤੋਂ ਲਾਭ ਉਠਾਇਆ, ਆਪਦੀ ਚੌਧਰ ਕਾਇਮ ਕਰਨ ਲਈ ਗੁਰਦੁਵਾਰਿਆਂ ਦੀ ਸਟੇਜ ਸੰਭਾਲਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਹਾਲਤ ਇਥੋਂ ਤਕ ਚਲੇ ਗਏ ਸਨ ਕਿ ਕੈਨੇਡਾ ਅਤੇ ਅਮਰੀਕਾ ਵਿਚ ਕੁਝ ਗੁਰਦੁਵਾਰਾ ਸਾਹਿਬਾਨਾਂ ਵਿਚ ਸਮੇਤ ਜੁੱਤੀਆਂ, ਨੰਗੇ ਸਿਰ ਕੁਰਸੀਆਂ ਉਪਰ ਜਾ ਕੇ ਮਨਮੁਖਿ ਲੋਕ ਬੈਠਦੇ ਰਹੇ ਹਨ।

ਵੈਨਕੂਵਰ ਵਿਚ ਇਥੇ ਤੱਕ ਤਾਂ ਹਾਲਾਤ ਨਹੀਂ ਸਨ ਗਏ ਪਰ ਪਤੱਤ ਸਿੱਖਾਂ ਦੀ ਗਿਣਤੀ ਜ਼ਿਆਦਾ ਹੋ ਜਾਣ ਕਾਰਨ ਸਭ ਨੇ ਹੀ ਨੰਗੇ ਸਿਰ ਗੁਰਦੁਵਾਰਾ ਸਾਹਿਬ ਆਉਣਾ ਸ਼ੁਰੂ ਕਰ ਦਿੱਤਾ ਸੀ। ਇਥੋਂ ਤੱਕ ਵੀ ਹੋਇਆ ਕਿ ਵੋਟਾਂ ਨਾਲ ਪਾਸ ਕਰਵਾ ਦਿਤਾ ਕਿ ਪਤਤਿ ਸਿੱਖ ਗੁਰਦੁਵਾਰਿਆਂ ਦੀਆਂ ਕਮੇਟੀਆਂ ਵਿਚ ਆ ਕੇ ਪ੍ਰਬੰਧ ਕਰਨਗੇ ਜੋ ਕਿ ਅਜ ਤੀਕ ਜਾਰੀ ਹੈ, ਕੁਝ ਇਕ ਨੂੰ ਛੱਡ ਕੇ ਬਾਕੀ ਸਭ ਗੁਰਦੁਵਾਰਾ ਸਾਹਿਬਾਨਾਂ ਦਾ ਪ੍ਰਬੰਧ ਪਤਤਿ ਸਿੱਖਾਂ ਦੇ ਹੱਥ ਵਿਚ ਹੈ, ਜਿੰਨ੍ਹਾਂ ਦਾ ਪ੍ਰਚਾਰ ਖੁਲ੍ਹੇ ਤੌਰ ਤੇ ਗੁਰਮਤਿ ਦੇ ਵਿਰੁਧ ਹੈ, ਨਤੀਜੇ ਵਜੋਂ ਅਸੀਂ ਨਿਤ ਨਵੇਂ ਗੁਰਦੁਵਾਰਾ ਸਾਹਿਬ ਤਾਂ ਬਣਾ ਰਹੇ ਹਾਂ ਨਾਲ ਦੀ ਨਾਲ ਕੋਰਟਾਂ ਵਿਚ ਮੁਕੱਦਮੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੰਦੀਆਂ ਗਾਲ੍ਹਾਂ ਅਤੇ ਮਾਰ ਕੁਟਾਈ ਦੀਆਂ ਨਿਤ ਨਵੀਆਂ ਘਟਨਾਵਾਂ ਵਾਪਰ ਰਹੀਆਂ ਹਨ। ਮੈਂ ਇਥੇ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਇਤਨਾ ਹੀ ਕਹਾਂਗਾ ਕਿ ਜੋ ਹਾਲਤ 1920 ਵਿਚ ਪੰਜਾਬ ਦੇ ਗੁਰਦੁਵਾਰਿਆਂ ਵਿਚ ਮਹੰਤਾਂ ਨੇ ਕੀਤੀ ਸੀ, ਕੈਨੇਡਾ ਦੇ ਗੁਰਦੁਵਾਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਸ ਤੋਂ ਵੀ ਵੱਧ ਨਿਰਾਦਰ ਹੋ ਰਿਹਾ ਹੈ, ਜੇ ਕਰ ਕੋਈ ਪ੍ਰਚਾਰਕ ਦਲੀਲ ਨਾਲ ਕੁਝ ਕਹਿਣਾ ਵੀ ਚਾਹੁੰਦਾ ਹੈ ਤਾਂ ਉਸ ਨੂੰ ਕਾਨੂੰਨੀ ਤੌਰ ਤੇ ਗੁਰਦੁਵਾਰਾ ਸਾਹਿਬ ਵਿਚ ਦਾਖਲ ਹੋਣ ਤੋਂ ਪਾਬੰਦੀ ਲਗਾ ਦਿਤੀ ਜਾਂਦੀ ਹੈ।

ਸੁਧਾਰ ਦੋਹਾਂ ਤਰੀਕਿਆਂ ਨਾਲ ਹੋਣਾ ਜ਼ਰੂਰੀ ਹੈ। ਇਕ ਹੈ ਮਰਯਾਦਾ ਦਾ ਅਤੇ ਦੂਜਾ ਹੈ ਪ੍ਰਬੰਧ ਦਾ। ਮਰਯਾਦਾ ਵਿਚ ਕੋਈ ਕਿੰਤੂ ਨਹੀਂ ਕਰ ਸਕਦਾ, ਸਾਰੇ ਪੰਥ ਵੱਲੋਂ ਪਾਸ ਕੀਤੀ "ਸਿੱਖ ਰਹਿਤ ਮਰਯਾਦਾ" ਹਾਜ਼ਰ ਹੈ, ਜਿਸ ਉਪਰ ਠੀਕ ਅਮਲ ਹੋਣਾ ਜ਼ਰੂਰੀ ਹੈ, ਇਸ ਉਪਰ ਕਦੇ ਵੀ ਕੋਈ ਸੌਦੇਬਾਜ਼ੀ ਨਹੀਂ ਹੋ ਸਕਦੀ, ਸਚਾਈ ਅਟੱਲ ਸਾਹਮਣੇ ਹੈ। ਮਰਯਾਦਾ ਨੂੰ ਕਾਇਮ ਰਖਣ ਲਈ ਕੁਰਬਾਨੀਆਂ ਦੀ ਲੋੜ ਹਮੇਸ਼ਾਂ ਬਣੀ ਆਈ ਹੈ, ਇਹ ਕੰਮ ਗੱਲਾਂਬਾਤਾਂ ਵਾਲਾ ਨਹੀਂ। ਪਹਿਲਾਂ ਪਰਚਾਰ ਕਰਨਾ ਜ਼ਰੂਰੀ ਹੈ ਜੋ ਹੋ ਰਿਹਾ ਹੈ। ਮਰਯਾਦਾ ਭੰਗ ਹੁੰਦੀ ਵੇਖਕੇ ਅਜ ਤੋਂ

(ਬਾਕੀ ਪੰਨਾ 25 ਤੇ)

ਪੰਨਾ 23 ਦੀ ਬਾਕੀ

ਸਾਹਿਬ ਬਣੇ, ਜੋ ਕਿ ਅਜ ਵੀ ਠੀਕ ਗੁਰਮਤਿ ਮਰਯਾਦਾ ਅਨੁਸਾਰ ਸਾਰੇ ਪ੍ਰਬੰਧ ਕਰਦੇ ਚਲੇ ਆ ਰਹੇ ਹਨ। ਸਿੱਖੀ ਜੀਵਨ ਇਕ ਅਮਲੀ ਜੀਵਨ ਹੈ ਜੋ ਕੁਝ ਗੁਰੂ ਜੀ ਦੀ ਸਿਖਿਆ ਹੈ, ਉਹ ਹੀ ਕਰਨਾ ਅਤੇ ਉਹ ਹੀ ਕਹਿਣਾ ਹੈ। ਬੇਸ਼ੱਕ ਭਾਰਤ ਹੋਵੇ ਜਾਂ ਕੈਨੇਡਾ ਜਾਂ ਅਮਰੀਕਾ ਅਤੇ ਇੰਗਲੈਂਡ ਹੋਵੇ। ਧਰਤੀ ਦੀ ਤਬਦੀਲੀ ਹੈ, ਅਸੂਲ ਤਬਦੀਲੀ ਨਹੀਂ।

ਇਥੇ ਇਕ ਗੱਲ ਦੱਸਣੀ ਜ਼ਰੂਰੀ ਹੈ ਕਿ 1969 ਤੋਂ ਮਗਰੋਂ ਕੁਝ ਮਹਾਂਪੁਰਸ਼ ਗੁਣੀ ਗਿਆਨੀ ਭਾਰਤ ਤੋਂ ਪ੍ਰਚਾਰਕ ਦੌਰੇ ਉਤੇ ਕੈਨੇਡਾ ਵਿਚ ਆਉਂਦੇ ਰਹਿੰਦੇ ਹਨ, ਜਿੰਨ੍ਹਾਂ ਦੇ ਪ੍ਰਚਾਰ ਸਦਕਾ ਕਾਫੀ ਜਾਗਰਤ ਆਈ ਹੈ, ਕਈ ਭੁਲੜ ਵੀਰ ਮੁੜ ਸਿੰਘ ਸਜ ਰਹੇ ਹਨ, ਜਿਸ ਕਾਰਨ ਮਰਯਾਦਾ ਵਿਚ ਵੀ ਕਾਫੀ ਸਤਿਕਾਰ ਮੁੜ ਕਾਇਮ ਹੋ ਗਿਆ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਸਭ ਕੁਝ ਬਹੁਤ ਠੀਕ ਹੋ ਰਿਹਾ ਹੈ, ਊਣਤਾਈਆਂ ਤਾਂ ਕਿਤੇ ਵੀ ਹੋ ਸਕਦੀਆਂ ਹਨ, ਪਰ ਪ੍ਰਚਾਰ ਦਾ ਸਦਕਾ ਗੁਰਬਾਣੀ, ਕੀਰਤਨ ਅਤੇ ਸਤਸੰਗ ਨਾਲ ਲੋਕਾਂ ਦਾ ਪਿਆਰ ਵਧਣਾ ਸ਼ੁਰੂ ਹੋਇਆ ਹੈ। ਜੋ ਕਿ ਭਵਿਖ ਲਈ ਚੰਗੀ ਸੇਧ ਦੇਣ ਵਿਚ ਸਹਾਈ ਹੋਵੇਗਾ।

1967 ਤੋਂ 1972 ਤਕ ਬਹੁਤ ਸਾਰੇ ਸਿੱਖ ਨੌਜੁਆਨ ਪੜ੍ਹੇ ਲਿਖੇ ਕੈਨੇਡਾ ਵਿਚ ਸੈਰ ਕਰਨ ਦੇ ਬਹਾਨੇ ਆਏ ਅਤੇ ਬਾਦ ਵਿਚ ਪੱਕੇ ਤੌਰ ਤੇ ਇੰਮੀਗਰੇਸ਼ਨ ਲੈ ਕੇ ਇਥੇ ਹੀ ਵਸ ਗਏ। ਇਸ ਨਵੀਂ ਆਈ ਪਨੀਰੀ ਨੂੰ ਗੁਰਦੁਆਰਿਆਂ ਵਿਚ ਹੋ ਰਹੀਆਂ ਮਨ ਮੱਤਾਂ ਦੇਖ ਕੇ ਬਹੁਤ ਹੈਰਾਨੀ ਹੋਈ ਕਿਉਂਕਿ ਉਨ੍ਹਾਂ ਅਗੇ ਪੰਜਾਬ ਵਿਚ ਇਸ ਤਰ੍ਹਾਂ ਦਾ ਵਾਤਾਵਰਨ ਨਹੀਂ ਸੀ ਦੇਖਿਆ। ਉਨ੍ਹਾਂ ਵਿਚੋਂ ਕੁਝ ਤਾਂ ਆਪਣੇ ਰਿਸ਼ਤੇਦਾਰਾਂ ਆਦਿ ਦੇ ਪ੍ਰਭਾਵ ਹੇਠਾਂ ਆ ਕੇ ਪਤਤਿ ਹੋ ਗਏ, ਪਰ ਜ਼ਿਆਦਾ ਤਰ ਨੌਜੁਆਨ ਆਜ਼ਾਦੀ ਨਾਲ ਜਿਉਣਾ ਪਸੰਦ ਕਰਦੇ ਸਨ ਇਸ ਲਈ ਉਨ੍ਹਾਂ ਇਥੇ ਕੁਝ ਔਖੇ ਦਿਨ ਤਾਂ ਕੱਟੇ ਪਰ ਗੁਰੂ ਨੂੰ ਪਿੱਠ ਨਹੀਂ ਦਿਖਾਈ। 1965 ਦੇ ਦਿਨਾਂ ਵਿਚ ਕੈਨੇਡਾ ਵਿਚ ਕੇਵਲ ਗਿਣਤੀ ਦੇ ਹੀ ਕੇਸਾਧਾਰੀ ਸਿੰਘ ਸਨ। ਪਰ 1986 ਵਿਚ ਕੇਸਾਧਾਰੀ ਸਿੰਘਾਂ ਦੀ ਗਿਣਤੀ ਹਜ਼ਾਰਾਂ ਵਿਚ ਪੁਜ ਚੁਕੀ ਹੈ। ਜੋ ਕਿ ਪਿਛੋਂ ਆਏ ਹੋਣ ਕਰਕੇ ਮਾਇਕ ਤੌਰ ਤੇ ਅਜੇ ਸੈਟ ਹੋ ਰਹੇ ਹਨ। ਇਨ੍ਹਾਂ ਨੌਜੁਆਨਾ ਨੇ ਪੁਰਾਣੇ ਆਏ ਮਾਇਆਧਾਰੀ ਲੋਕਾਂ ਦੀ ਤਰ੍ਹਾਂ ਖੁਦਗਰਜ਼ੀ ਨਹੀਂ ਦਿਖਾਈ ਸਗੋਂ ਇਕ ਦੂਜੇ ਦੇ ਨੇੜੇ ਹੋ ਕੇ ਕੰਮ ਕੀਤੇ। ਬੀ. ਸੀ. ਦੇ ਕੁਲ 34 ਗੁਰਦੁਵਾਰਿਆਂ ਵਿਚੀ 26 ਗੁਰਦੁਵਾਰੇ ਕੇਵਲ ਪਿਛਲੇ ਪੰਦਰਾਂ ਸਾਲਾਂ ਵਿਚ ਹੀ ਬਣੇ ਹਨ। ਇਨ੍ਹਾਂ ਨੌਜੁਆਨਾਂ ਦੇ ਉਦਮ ਨਾਲ ਸਾਰੀ ਕਮਿਊਨਿਟੀ ਨੇ ਹੀ ਬਹੁਤ ਤਰੱਕੀ ਕੀਤੀ ਹੈ, ਪਰ ਕੁਝ ਇਕ ਵੀਰ ਗਲਤ ਰਾਹਾਂ ਉਪਰ ਵੀ ਜੋਸ਼ ਵਿਚ ਆ ਕੇ ਤੁਰ ਪਏ ਹਨ ਜਿੰਨਾਂ ਕਰਕੇ ਸਾਰੀ ਕੌਮ ਦੀ ਬਦਨਾਮੀ 1972 ਤੋਂ 75 ਤੱਕ ਦੇ ਦਿਨਾਂ ਵਿਚ ਕਾਫੀ ਹੋਈ, ਇਸ ਵਿਚ ਜ਼ਿਆਦਾ ਕਸੂਰ ਨੌਜੁਆਨਾਂ ਦਾ ਨਹੀਂ ਸਗੋਂ ਉਨ੍ਹਾਂ ਨੂੰ ਇਨ੍ਹਾਂ ਰਾਹਾਂ ਉਪਰ ਤੁਰਨ ਲਈ ਮਜ਼ਬੂਰ ਕਰਨ ਵਾਲੇ ਸਾਡੇ ਕੁਝ ਅਖੌਤੀ ਲੀਡਰਾਂ ਦਾ ਸੀ। ਪਹਿਲੇ ਆਏ ਭਰਾਵਾਂ ਦਾ ਫਰਜ਼ ਸੀ ਕਿ ਉਹ ਨਵਿਆਂ ਨੂੰ ਚੰਗੀ ਗੱਲ ਸਿਖਾਉਂਦੇ, ਪਰ ਉਨ੍ਹਾਂ ਨੂੰ ਸਾਰੀਆਂ ਮਾੜੀਆਂ ਆਦਤਾਂ ਹੀ ਦੱਸੀਆਂ ਗਈਆਂ। ਜਿਸ ਕਰਕੇ ਉਹ ਵੀ ਮਨਮਤਿ ਕਰਨ ਵਿਚ ਸ਼ਾਮਲ ਹੋ ਗਏ, ਪਰ ਉਹ ਸਿਆਣੇ ਹੋਣ ਕਰਕੇ ਜ਼ਿਆਦਾ ਦੇਰ ਗਲਤੀ ਨਾ ਕਰਦੇ ਰਹੇ ਸਗੋਂ ਜਦੋਂ ਉਹ ਆਪਣੇ ਪੈਰਾਂ ਉਪਰ ਖੜੇ ਹੋ ਗਏ ਤਾਂ ਸੁਧਾਰ ਕਰਨਾ ਵੀ ਸ਼ੁਰੂ ਕਰ ਦਿਤਾ। ਮਿਸਾਲ ਦੇ ਤੌਰ ਤੇ ਅਜ ਅਸੀਂ ਦੇਖ ਸਕਦੇ ਹਾਂ ਕਿ ਕੁਝ ਇਕ ਪੁਰਾਣੇ ਭੁਲੜ ਵੀਰ ਹੀ ਹਨ ਜੋ ਕਿ ਅਜ ਵੀ ਮਨਮਤਾਂ ਕਰਦੇ ਹਨ, ਬਾਕੀ ਸਭ ਨੇ ਮਹਿਸੂਸ ਕਰ ਲਿਆ ਹੈ ਕਿ ਉਹ ਗਲਤੀ ਉਪਰ ਸਨ। ਇਸ ਕੰਮ ਵਿਚ ਬੀਬੀਆਂ ਦਾ ਕਾਫੀ ਹਿਸਾ ਹੈ ਜੋ ਕਿ ਆਪਦੇ ਸਰਾਬੀ ਪਤੀਆਂ ਨੂੰ ਪ੍ਰੇਰਨ ਵਿਚ ਕਾਮਯਾਬ ਹੋ ਰਹੀਆਂ ਹਨ। ਵਾਹਿਗੁਰੂ ਸੁਖ ਕਰੇ ਕਿ ਸਭ ਨੂੰ ਸੁਮਤਿ ਬਖਸ਼ੇ ਅਤੇ ਅਸੀਂ ਆਪਦੇ ਬਜ਼ੁਰਗਾਂ ਦੇ ਕੀਤੇ ਕੰਮਾਂ ਦੇ ਅਸਲੀ ਤੱਤ ਨੂੰ ਸਮਝ ਸਕੀਏ। ਗੁਰਸਿਖੀ ਜੀਵਨ ਉਪਰ ਚਲ ਸਕੀਏ।

ਕੁਝ ਅਮਰੀਕੀ ਅਤੇ ਕੈਨੇਡੀਅਨ ਵਸਨੀਕ (ਗੋਰੇ) ਵੀ ਸਿੰਘ ਸਜੇ ਹਨ। ਇਹ ਨਵੇਂ ਸਜੇ ਸਿੰਘਾਂ ਦੀ ਗਿਣਤੀ ਬਾਰੇ ਕੁਝ ਨਹੀਂ ਕਹਿ ਸਕਦੇ, ਕਿਉਂਕਿ ਇਹ ਵੀਰ ਮਾਇਆ ਵਿਚੋਂ ਅਸਲੀ ਸੁਖ ਨਹੀਂ ਲਭ ਸਕੇ ਅਤੇ ਯੋਗ ਮੱਤ ਦਾ ਅਭਿਆਸ ਸ਼ੁਰੂ ਕਰ ਦਿਤਾ। ਨਾਲ ਦੀ ਨਾਲ ਸਿੱਖ ਧਰਮ ਬਾਰੇ ਵਾਕਫੀਅਤ ਹੋਈ ਤਾਂ ਇਨ੍ਹਾਂ ਨੇ ਲਭਿਆ ਕਿ ਦੁਨੀਆਂ ਵਿਚ ਕੇਵਲ ਸਿਖ ਧਰਮ ਹੀ ਹੈ ਜੋ ਠੀਕ ਅਰਥਾਂ ਵਿਚ ਮਨ ਨੂੰ ਸ਼ਾਂਤੀ ਦੇ ਸਕਦਾ ਹੈ ਅਤੇ ਮਨੁਖਤਾ ਦੀ ਸਹੀ ਸੇਵਾ ਕਰ ਸਕਦਾ ਹੈ। ਗੋਰੇ ਸਿੰਘਾਂ ਨੂੰ ਦੇਖ ਕੇ ਪੰਜਾਬੀ ਪਤਤਿ ਸਿੱਖਾਂ ਨੂੰ ਵੀ ਹੁਣ ਸਮਝ ਆਉਣ ਲਗੀ ਹੈ ਕਿ ਅਸੀਂ ਅੰਮ੍ਰਿਤ ਨੂੰ ਸਮਝ ਹੀ ਨਹੀਂ ਸਕੇ। ਇਨ੍ਹਾਂ ਵੀਰਾਂ ਦੇ ਉਤਸ਼ਾਹ ਨਾਲ ਸਾਡੇ ਉਪਰ ਬਹੁਤ ਅਸਰ ਪੈ ਰਿਹਾ ਹੈ।

ਕੈਨੇਡਾ ਵਿਚਲੇ ਗੁਰਦੁਵਾਰਿਆਂ ਵਿਚ ਸੇਵਾ ਕਰ ਰਹੇ ਗਰੰਥੀ ਸਿੰਘਾਂ ਵਿਚੋਂ ਕੁਝ ਇਕ ਗ੍ਰੰਥੀ ਸਾਹਿਬਾਨ ਵੀ ਸਹੀ ਅਰਥਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਦੀ ਬਜਾਏ ਮੌਕੇ ਦੇ ਪ੍ਰਬੰਧਕਾਂ ਨੂੰ ਖੁਸ਼ ਕਰਨ ਲਈ ਗੁਰਮਤਿ ਤੋਂ ਵਿਰੁੱਧ ਸਟੇਜਾਂ ਉਪਰੋਂ ਪ੍ਰਚਾਰ ਕਰਦੇ ਹਨ ਜਾਂ ਮਨਮਤਿ ਦੇ ਵਿਰੁੱਧ ਕੁਝ ਵੀ ਨਹੀਂ ਕਹਿੰਦੇ। ਗ੍ਰੰਥੀ ਸਿੰਘਾਂ ਦੀ ਆਪਦੀ ਉਲਾਦ ਪਤਤਿ ਹੁੰਦੀ ਜਾ ਰਹੀ ਹੈ। ਇਸ ਦਾ ਅਸਰ ਆਮ ਸੰਗਤ ਉਪਰ ਪੈਣਾ ਲਾਜਮੀ ਹੈ। ਪ੍ਰਬੰਧਕਾਂ ਤੋਂ ਪਹਿਲਾਂ ਗ੍ਰੰਥੀ ਸਿੰਘਾਂ ਦੇ ਜੀਵਨ ਉਚੇ ਹੋਣੇ ਜ਼ਿਆਦਾ ਲਾਜ਼ਮੀ ਹਨ, ਉਹ ਮਾਇਆ ਕਾਰਨ ਵਿਦਿਆ ਵੇਚ ਰਹੇ ਹਨ। ਜੇਕਰ ਸਹੀ ਅਰਥਾਂ ਵਿਚ ਗ੍ਰੰਥੀ ਸਾਹਿਬਾਨ ਗੁਰਮਤਿ ਦਾ ਪ੍ਰਚਾਰ ਕਰਦੇ ਹੁੰਦੇ ਤਾਂ ਅਜ ਇਸ ਤਰ੍ਹਾਂ ਦੇ ਭੈੜੇ ਹਾਲਾਤ ਹੀ ਪੈਦਾ ਨਹੀਂ ਸਨ ਹੋ ਸਕਦੇ। ਗੁਰੂ ਘਰ ਦੇ ਵਜ਼ੀਰ ਹੋਣ ਦੇ ਨਾਤੇ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਗੁਰੂ ਜੀ ਦਾ ਠੀਕ ਠੀਕ ਸੁਨੇਹਾ ਸੰਗਤਾਂ ਨੂੰ ਦੇਣ, ਕੱਚੀ ਬਾਣੀ ਦੀ ਬਜਾਏ ਸਤਿਗੁਰੂ ਜੀ ਦੀ ਗੁਰਬਾਣੀ ਦਾ ਉਪਦੇਸ਼ ਸੁਨਾਉਣ, ਸੰਗਤ ਲਈ ਇਕ ਨਮੂਨੇ ਦੇ ਤੌਰ ਤੇ ਜੀਵਨ ਜੀਉਣ ਭਾਈ ਮਨੀ ਸਿੰਘ ਜੀ ਦੀ ਤਰ੍ਹਾਂ ਸਚਾਈ ਲਈ ਬੰਦ ਬੰਦ ਕਟਵਾਉਣ ਤੋਂ ਵੀ ਨਾ ਝਿਜਕਣ, ਇਕ ਨੌਕਰੀ ਚਲੀ ਜਾਵੇ ਤਾਂ ਕੀ ਗੱਲ ਹੈ, ਸਿਦਕ ਨਹੀਂ ਜਾਣਾ ਚਾਹੀਦਾ।

ਦੂਸਰਾ ਸੁਧਾਰ ਪ੍ਰਬੰਧਕ ਤੌਰ ਤੇ ਹੋਣਾ ਜ਼ਰੂਰੀ ਹੈ। ਪ੍ਰਬੰਧਕੀ ਢਾਂਚਾ ਕਿਸ ਤਰ੍ਹਾਂ ਦਾ ਹੋਵੇ, ਇਸ ਬਾਰੇ ਰਾਵਾਂ ਅਲੱਗ ਅਲੱਗ ਹੋ ਸਕਦੀਆਂ ਹਨ। ਜਿੰਨ੍ਹਾਂ ਬਾਰੇ ਫੈਸਲਾ ਸਮੁੱਚੀ ਸਾਧ ਸੰਗਤ ਇਕੱਠੀ ਹੋਕੇ ਸਲਾਹ ਨਾਲ ਕਰ ਸਕਦੀ ਹੈ। ਇਥੇ ਇਕ ਗੱਲ ਦਾ ਪਹਿਲਾਂ ਖਿਆਲ ਰੱਖਣਾ ਜ਼ਰੂਰੀ ਹੋਵੇਗਾ ਕਿ ਇਲੈਕਸ਼ਨ ਤੋਂ ਪਹਿਲਾਂ ਪ੍ਰਬੰਧ ਲਈ ਚੁਣੇ ਜਾਣ ਵਾਲੇ ਸੇਵਾਦਾਰਾਂ ਦੀ ਸਲੈਕਸ਼ਨ ਜ਼ਰੂਰ ਹੋਵੇ ਕਿ ਕੀ ਉਹ ਉਸ ਸੇਵਾ ਦੇ ਯੋਗ ਹਨ, ਕੀ ਉਨ੍ਹਾਂ ਵਿਚ ਉਹ ਗੁਣ ਹਨ ਜਾਂ ਉਹ ਉਸ ਅਸੂਲ ਨੂੰ ਮੰਨਦੇ ਹਨ ਜਿੰਨ੍ਹਾਂ ਦਾ ਪਰਚਾਰ ਗੁਰੂ ਘਰ ਦੀ ਸਟੇਜ ਤੋਂ ਕੀਤਾ ਜਾਣਾ ਹੈ। ਸਲੈਕਸ਼ਨ ਦੀ ਮਰਯਾਦਾ ਤਾਂ ਗੁਰੂ ਨਾਨਕ ਦੇਵ ਜੀ ਤੋਂ ਹੀ ਚਲੀ ਆ ਰਹੀ ਹੈ। ਅਸੀਂ ਕੌਣ ਹੁੰਦੇ ਹਾਂ ਮਰਯਾਦਾ ਬੰਦ ਕਰਨ ਵਾਲੇ? ਜਿਸ ਦੇਸ਼ ਵਿਚ ਅਸੀਂ ਰਹਿੰਦੇ ਹਾਂ ਉਸ ਦੇਸ਼ ਦੇ ਕਾਨੂੰਨਾ ਅਨੁਸਾਰ ਸਾਰੇ ਪੰਥ ਦੀ ਏਕਤਾ, ਗੁਰਮਤਿ

ਬਾਕੀ ਪੰਨਾ 27 'ਤੇ



ਗੁਰਦੁਆਰਾ ਨਿਊਵੈਸਮਿਨਸਟਰ 1948

ਪੋਸਟਮਾਰਟਮ

ਗਿਆਨੀ ਜ਼ੈਲ ਸਿੰਘ ਜੀ ਨੇ ਇਕ ਥਾਂ ਉਤੇ ਬੋਲਦਿਆਂ ਚਿੰਤਾ ਪ੍ਰਗਟ ਕੀਤੀ ਹੈ ਕਿ ਬਹੁਤੀਆਂ ਬੀਬੀਆਂ ਇਕ ਵੱਡੀ ਗਲਤ ਫਹਿਮੀ ਦਾ ਸ਼ਿਕਾਰ ਹਨ ਕਿ ਜੇ ਬੱਚਿਆਂ ਨੂੰ ਪੂਰਾ ਪੂਰਾ ਦੁੱਧ ਚੁੰਘਾ ਦਿੱਤਾ ਗਿਆ ਤਾਂ ਕਿਧਰੇ ਉਨ੍ਹਾਂ ਦੀ ਸਿਹਤ ਢਿੱਲੀ ਨਾ ਪੈ ਜਾਏ।

ਗਿਆਨੀ ਜ਼ੈਲ ਸਿੰਘ ਜੀ ਦੀ ਨਸੀਹਤ ਤਾਂ ਬਹੁਤ ਵਧੀਆ ਹੈ ਪਰ ਉਨ੍ਹਾਂ ਨੇ ਇਸ ਬਾਰੇ ਪੂਰਾ ਪੂਰਾ ਵਿਸਥਾਰ ਨਹੀਂ ਦਿੱਤਾ ਕਿ ਭਾਰਤ ਦੇ ਸਿਆਸਤਦਾਨਾਂ ਵਿਚੋਂ ਕਿਸ ਕਿ ਬੰਦੇ ਨੂੰ ਆਪਣੀ ਮਾਂ ਦਾ ਵੱਧ ਤੋਂ ਵੱਧ ਦੁੱਧ ਚੁੰਘਣ ਦਾ ਮੌਕਾ ਮਿਲਿਆ ਤੇ ਕਿਹੜਾ ਕਿਹੜਾ ਮਾਂ ਦੀ ਗਲਤੀ ਕਰ ਕੇ ਵਾਂਝਾ ਰਹਿ ਗਿਆ ਤੇ ਇਸ ਵਾਂਝੇਪਨ ਪਿੱਛੋਂ ਉਸ ਨੇ ਰਾਜਨੀਤੀ ਵਿਚ ਕਿਸ ਤਰ੍ਹਾਂ ਦੀਆਂ ਘਟੀਆ ਗੱਲਾਂ ਕੀਤੀਆਂ।

ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਇਸ ਗੱਲ ਦੀ ਕੋਈ ਪ੍ਰੇਸ਼ਾਨੀ ਨਹੀਂ ਕਿ ਸ. ਸੁਰਜੀਤ ਸਿੰਘ ਬਰਨਾਲਾ ਨਾਲ ਬਾਗੀ ਅਕਾਲੀ ਲੀਡਰ ਕਿਸ ਤਰ੍ਹਾਂ ਦਾ ਦੁਰਵਿਹਾਰ ਕਰ ਰਹੇ ਹਨ ਜਾਂ ਤਾਮਿਲਾਂ ਨਾਲ ਲੰਕਾ ਵਿਚ ਕੀ ਬੀਤ ਰਹੀ ਹੈ। ਉਹ ਹੋਰ ਵੀ ਕਈ ਮਸਲਿਆਂ ਬਾਰੇ ਬਹੁਤੇ ਪ੍ਰੇਸ਼ਾਨ ਨਹੀਂ ਹਨ। ਉਨ੍ਹਾਂ ਲਈ ਸਭ ਤੋਂ ਵੱਡਾ ਮਸਲਾ ਇਹ ਹੈ ਕਿ ਭਾਰਤ ਦੀਆਂ ਬੀਬੀਆਂ ਨਵੇਂ ਜੰਮੇ ਬੱਚਿਆਂ ਨੂੰ ਸਵਾਰ ਕੇ ਦੁੱਧ ਚੁੰਘਾਉਂਦੀਆਂ ਹਨ ਕਿ ਨਹੀਂ।

ਕਈ ਸਿਆਣੇ ਡਾਕਟਰ ਗਿਆਨੀ ਜੀ ਦਾ ਬਿਆਨ ਪੜ੍ਹਨ ਪਿੱਛੋਂ ਸੋਚ ਰਹੇ ਹੋਣੇ ਹਨ ਕਿ ਜੇਕਰ ਉਨ੍ਹਾਂ ਨੂੰ "ਪੂਰਨ ਰਾਸ਼ਟਰਪਤੀ" ਬਣਨ ਦਾ ਮੌਕਾ ਦਿੱਤਾ ਜਾਂਦਾ ਤਾਂ ਅਣਗਿਣਤ ਬੱਚਿਆਂ ਨੂੰ ਸੁਚੱਜੇ ਢੰਗ ਨਾਲ ਵੇਲੇ ਕੁਵੇਲੇ ਦੁੱਧ ਚੁੰਘਾਉਣ ਦਾ ਪ੍ਰਬੰਧ ਉਨ੍ਹਾਂ ਨੇ ਆਪ ਹੀ ਕਰਨਾ ਸੀ ਤਾਂ ਕਿ ਕਿਸੇ ਬੀਬੀ ਦੀ ਖੂਬਸੂਰਤੀ ਦਾ ਵੀ ਕੁਝ ਨਾ ਵਿਗੜੇ।

ਚਾਚਾ ਚੰਡੀਗੜ੍ਹੀਆ

ਭੰਡਾਲ ਡਰਾਈਵਾਲ ਲਿ:
ਵੈਨਕੂਵਰ, ਬੀ. ਸੀ.

ਵੱਲੋਂ

ਕੈਨੇਡਾ ਡੇ ਦੀਆਂ

ਸ਼ੁਭ ਇੱਛਾਵਾਂ



President **Jarnail S. Bhandal** M.A.

ਕੁੱਝ ਮਹੱਤਵ ਪੂਰਨ ਕੰਮ

1. Hill Side Housing Co-op.
2. Co-op Housing
3. Station Court
4. Coquitlam Motor Inn.
5. False Creek Bld. A.
6. Hay's Mansion
7. Bonsor Ave. Apt.
8. Metro Town Place.

ਕੰਪਨੀ ਦਾ ਨਾਂ

Concost Management Inc.
Beta Construction Imperial Ventures Ltd.
Imperial Ventures Dominion Construction
H. Haebler Const. Ltd.
Polygon Properties.

ਪ੍ਰਮਾਤਮਾ ਦੇ ਉਦਮ ਨਾਲ

1. ਨਾਨਕਸਰ ਗੁਰੁ ਘਰ ਰਿਚਮੰਡ ਦਾ ਸੇਵਾ
2. ਗੁਰੂ ਘਰ ਸਕੈਮਸ਼ ਦੀ ਸੇਵਾ

Vice President
Karnail S. Bhandal

BHANDAL DRYWALL LTD.

3397 Kingsway, Vancouver, B.C.

Ph. 430-5011

ਪੰਨਾ 25 ਦੀ ਬਾਕੀ

ਅਸੂਲਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ, ਆਉਣ ਵਾਲੇ ਸਮੇਂ ਦੀ ਲੋੜ ਆਦਿ ਪੱਖਾਂ ਨੂੰ ਵਿਚਾਰ ਕੇ ਹੀ ਗੁਰਦੁਵਾਰਿਆਂ ਦੇ ਪ੍ਰਬੰਧ ਲਈ ਸਾਰਾ ਪ੍ਰਬੰਧਕੀ ਢਾਂਚਾ ਦੁਬਾਰਾ ਬਨਾਉਣਾ ਚਾਹੀਦਾ ਹੈ।

ਸੋਚਣ ਵਾਲੀ ਗੱਲ ਹੈ ਕਿ 1907 ਵਿਚ ਖਾਲਸਾ ਦੀਵਾਨ ਸੁਸਾਇਟੀ ਬਣੀ, ਜਿਸ ਦੀਆਂ ਬਰਾਂਚਾਂ ਨਿਊਵੈਸਟਮਿਨਸਟਰ, ਐਬਟਸਫੋਰਡ, ਪੋਰਟ ਅਲਬਰਨੀ, ਵਿਕਟੋਰੀਆਂ, ਪਾਲਦੀ ਆਦਿ ਸਭ ਥਾਵਾਂ ਉਪਰ ਸਨ, ਕੀ ਕਾਰਨ ਪ੍ਰਚਾਰ ਕੇਵਲ ਆਪਦੇ ਗਰੁੱਪ ਦੀ ਸਿਆਸਤ ਨੂੰ ਹੀ ਮੁਖ ਰਖਕੇ ਕੀਤਾ ਜਾ ਰਿਹਾ। ਜਿਸ ਪ੍ਰਚਾਰ ਦਾ ਅਸਰ ਲੋਕਾਂ ਉਪਰ ਹੌਲੀ ਹੌਲੀ ਹੋਣਾ ਕੁਦਰਤੀ ਹੈ। ਲੋਕਾਂ ਦਾ ਧਿਆਨ ਅਸਲ ਗੱਲ ਵੱਲੋਂ ਹਮੇਸ਼ਾਂ ਪਰੇ ਕਰਕੇ ਆਪਦੇ ਹੀ ਫਾਇਦੇ ਵਾਲੀ ਗੱਲ ਵਾਰ ਵਾਰ ਦੁਹਰਾਕੇ ਕਰਨ ਵਿਚ ਹੀ ਇਨ੍ਹਾਂ ਗਰੁੱਪਬਾਜਾਂ ਨੂੰ ਫਾਇਦਾ ਹੈ ਪਰ ਹਰ ਇਕ ਗੱਲ ਦੀ ਹੱਦ ਹੁੰਦੀ ਹੈ, ਸਮਾਂ ਬਦਲੇਗਾ, ਅਸੀਂ ਪਛਤਾਵਾਂਗੇ, ਸਾਨੂੰ ਨਫਰਤ ਹੋਵੇਗੀ ਆਪਣੇ ਆਪ ਤੋਂ ਜਦੋਂ ਸਾਡੀ ਆਪਦੀ ਔਲਾਦ ਹੀ ਸਾਡੀ ਤਸਵੀਰ ਸਾਨੂੰ ਵਿਖਾਏਗੀ ਕਿ ਅਸੀਂ ਕੀ ਕੀ ਕਰਤੂਤਾਂ ਕਰਕੇ ਉਨ੍ਹਾਂ ਨੂੰ ਤਬਾਹੀ ਦੇ ਰਾਹ ਉਪਰ ਖੜਾ ਕੀਤਾ। ਕੇਵਲ ਥੋੜੀ ਜਿਹੀ ਵਡਿਆਈ ਦੀ ਖਾਤਰ ਮੌਕੇ ਦੇ



Professor Teja Singh with his family and friends - - about 1907-8.

ਹੈ ਕਿ ਸਾਰੇ ਅਲੱਗ ਹੋ ਗਏ ਹਨ, ਸਮਾਂ ਤਾਂ ਇਕੱਠੇ ਹੋਣ ਦਾ ਹੈ। ਅਸੀਂ ਤਾਂ ਸਭ ਇਕ ਹੀ ਗੁਰੂ ਦੇ ਸਿੱਖ ਹਾਂ, ਇਕ ਹੀ ਸਾਡਾ ਧਰਮ ਹੈ, ਇਕੋ ਜਹੇ ਹੀ ਅਸੂਲ ਹਨ, ਸਾਡੇ ਲਈ ਤਾਂ ਇਕੱਠੇ ਹੋ ਕੇ ਕੰਮ ਕਰਨੇ ਦੂਸਰਿਆਂ ਨਾਲੋਂ ਸੌਖੇ ਹਨ। ਪਰ ਸਾਨੂੰ ਸਾਰੇ ਪ੍ਰਾਣੀਆਂ ਨੂੰ ਇਕੋ ਜਿਹਾ ਦੇਖਣਾ ਨਹੀਂ ਆਉਂਦਾ, ਸਾਡੇ ਵਿਚ ਇਲਾਕਾ ਪ੍ਰਸਤੀ ਬੜੀ ਹੋਈ ਹੈ, ਅਸੀਂ ਇਕ ਗੁਰਦੁਆਰੇ ਨੂੰ ਦੂਜੇ ਗੁਰਦੁਆਰੇ ਨਾਲੋਂ ਵੱਡਾ ਸਮਝਦੇ ਹਾਂ, ਭਾਵ ਮਨੁੱਖਤਾ ਵਾਲੇ ਸਾਰੇ ਹੀ ਗੁਣ ਹਨ। ਇਨ੍ਹਾਂ ਔਗੁਣਾਂ ਨੂੰ ਛਡ ਕੇ ਹੀ ਕੌਮ ਨੂੰ ਉਚਾ ਉਠਾਇਆ ਜਾ ਸਕਦਾ ਹੈ।

ਸਾਡਾ ਅਸਲ ਵਿਸ਼ਾ "ਕੈਨੇਡਾ ਦੇ ਸਿੱਖ ਗੁਰਦੁਆਰਾ ਸਾਹਿਬਾਨ" ਹੈ, ਕੈਨੇਡਾ ਦੇ ਸਿੱਖਾਂ ਬਾਰੇ ਲਿਖਦੇ ਸਮੇਂ ਉਪਰ ਦਿਤੀਆਂ ਗੱਲਾਂ ਲਿਖਣੀਆਂ ਜ਼ਰੂਰੀ ਸਨ ਤਾਂ ਕਿ ਸਾਡੀ ਅਸਲੀ ਤਸਵੀਰ ਸਾਹਮਣੇ ਆ ਸਕੇ। ਸਾਡੀ ਕਮਿਊਨਿਟੀ ਦੇ ਅਖਬਾਰ ਅਤੇ ਰੇਡੀਓ ਕੁਝ ਗਰੁੱਪਬਾਜ਼ਾਂ ਦੇ ਹੱਥਾਂ ਵਿਚ ਹਨ, ਜਿੰਨ੍ਹਾਂ ਰਾਹੀਂ ਬੇਈਮਾਨ ਲੀਡਰਾਂ ਅਤੇ ਪ੍ਰਬੰਧਕਾਂ ਦੀ ਖੁਸ਼ਾਮਦ ਕਰਕੇ ਆਪਣੇ ਅਤੇ ਆਪਦੇ ਪ੍ਰਵਾਰ ਦੇ ਜੀਵਨ ਨੂੰ ਤਾਂ ਨਰਕ ਬਣਾ ਹੀ ਰਹੇ ਹਾਂ ਨਾਲ ਨਾਲ ਸਾਰੀ ਕੌਮ ਦਾ ਨਾਮ ਵੀ ਬਦਨਾਮ ਕਰ ਰਹੇ ਹਾਂ। ਜਿੰਨ੍ਹਾਂ ਕਲੰਕਾਂ ਨੂੰ ਧੋਣ ਲਈ ਪਤਾ ਨਹੀਂ ਸਾਡੀ ਕੌਮ ਨੂੰ ਕੀ ਕੀ ਕੁਰਬਾਨੀਆਂ ਦੇਣੀਆਂ ਪੈਣਗੀਆਂ। ਆਪਦੇ ਆਪੇ ਨੂੰ ਪਹਿਚਾਣੋ, ਅਸੀਂ ਕਿਥੋਂ ਕਿਥੇ ਪਹੁੰਚੇ ਹਾਂ। ਅਜੇ ਵੀ ਰਾਹ ਪੈ ਜਾਈਏ। ਕਿਤੇ ਮਹੰਤ ਨਰਾਇਣ ਦਾਸ ਵਰਗਿਆਂ ਵਾਂਗੂੰ ਸਦੀਆਂ ਦਾ ਕਲੰਕ ਨਾ ਖੱਟ ਲਈਏ।

ਕਦੇ ਉਹ ਵੀ ਦਿਨ ਸਨ ਕਿ ਕੈਨੇਡਾ ਦੀ ਧਰਤੀ ਤੋਂ ਸਿੰਘਾਂ ਦਾ ਜੱਥਾ ਜੈਤੋ ਦੇ ਮੋਰਚੇ ਵਿਚ ਕੁਰਬਾਨੀ ਦੇਣ ਲਈ ਵੈਨਕੂਵਰ ਤੋਂ ਗਿਆ। ਉਹ ਕੀ ਅਸੂਲ ਸੀ ਜਿਸ ਦੀ ਖਾਤਰ ਸਾਡੇ ਬਜ਼ੁਰਗਾਂ ਨੂੰ ਇਹੋ ਜਿਹੀਆਂ ਕੁਰਬਾਨੀਆਂ ਦੇਣ ਲਈ ਮਜ਼ਬੂਰ ਹੋਣਾ ਪਿਆ। ਕੀ ਅਸੀਂ ਉਸ ਅਸੂਲ ਉਪਰ ਅਜ ਕਾਇਮ ਹਾ? ਕਿਤੇ ਸਾਡੇ ਕੰਮ ਠੀਕ ਉਹ ਤਾਂ ਨਹੀਂ ਜੋ 1842 ਤੋਂ 1848 ਤਕ ਲਾਹੌਰ ਰਾਜ ਦੇ ਦਰਬਾਰੀਆਂ ਦੇ ਸਨ। ਆਪਦੇ ਕੰਮਾਂ ਦਾ ਹਸ਼ਰ ਸੋਚਣਾ ਵੀ ਜ਼ਰੂਰੀ ਹੈ। ਇਹ ਹੈ ਹਾਲਤ ਕੈਨੇਡਾ ਦੇ ਸਿੱਖਾਂ ਦੀ।

ਕੈਨੇਡੀਅਨ-ਹਿੰਦੋਸਤਾਨੀਆਂ ਦੀ ਫੁਟ ਉਤੇ

ਸਾਈਆਂ ਕਹਿਰ ਹੋਇਆ ਜਿਧਰ ਨਜ਼ਰ ਮਾਰਾਂ, ਪਾਟੋ ਧਾੜ ਵਿਚ ਹੋਏ ਮਸ਼ਗੂਲ ਵਤਨੀਂ।
ਝੁਰਲੂ ਸਿਰਾਂ ਤੇ ਫੇਰਿਆ ਗਿਆ ਐਸਾ, ਜੇਹਨੂੰ ਸਮਝਦੇ ਨਹੀਂ ਹੈ ਮੂਲ ਵਤਨੀਂ।
ਖਾਨਾਂ ਜੰਗੀਆਂ ਨੇ ਬੇੜਾ ਗਰਕ ਕੀਤਾ, ਚੁਕੀ ਫਿਰਨ ਗੁਲਾਮੀ ਦਾ ਜੁਲ ਵਤਨੀਂ।
ਮਾਣਸ ਜਾਤ ਸਾਂਝੀ ਪਿਆਰਾ ਵਤਨ ਸਾਂਝਾ, ਸਚਾ ਭੁਲ ਗਏ ਏਹੋ ਅਸੂਲ ਵਤਨੀਂ।

ਦਿਸਦੇ ਦੇਸ਼ ਅੰਦਰ ਝਗੜੇ ਮਜ਼ਹਬ ਵਾਲੇ, ਵਿਚ ਪ੍ਰਦੇਸ ਦੇ ਫੁਟ ਕਿਉਂ ਪਈ?
ਜਿਸ ਸਮਝਦੇ ਸਾਂ ਆਪਾਂ ਹਾਂ ਹਿੰਦੀ, ਤੂੰ ਤੂੰ ਮੈਂ ਉਤੇ ਕੌਮ ਜੁਟ ਕਿਉਂ ਪਈ?
ਗੱਠੀ ਹੋਈ ਸ਼ਹੀਦਾਂ ਦੇ ਖੂਨ ਅੰਦਰ, ਇਹ ਲੜੀ ਪ੍ਰੇਮ ਦੀ ਟੁਟ ਕਿਉਂ ਪਈ?
ਮਾੜੇ ਭਾਗ ਅਜ ਸਮੇਂ ਨੇ ਗੇੜ ਖਾਧਾ, ਇਕ ਦੂਏ ਦੀ ਨਿੰਦਿਆ ਬੁਟ ਕਿਉਂ ਪਈ?

"ਕਾਮਾਂ ਗਾਟਾ" ਦਾ ਕਰ ਖਾਂ ਯਾਦ ਸਾਕਾ, ਬਣ ਕੇ ਸੂਰਮਾ ਜਦੋਂ ਤੂੰ ਖੜ ਗਿਆ ਸੀ।
ਜੱਥੇਬੰਦੀ ਦਾ ਬਲ ਨਾ ਵੇਖ ਹੋਇਆ, ਸੱਪ ਵੈਰੀਆਂ ਦੇ ਸੀਨੇ ਲੱੜ ਗਿਆ ਸੀ।
ਦੱੜ ਵੱਟ ਲੈਂਦਾ ਜੇ ਕਰ ਅਜ ਤਿਕਣ, ਤਾਂ ਦੁਸ਼ਮਣ ਅੰਦਰੋਂ ਅੰਦਰੀ ਸੜ ਗਿਆ ਸੀ।
ਜੱਥੇਬੰਦੀ ਨੂੰ ਪੱਕਿਆਂ ਕਰਨ ਬਦਲੇ, "ਮੇਵਾ ਸਿੰਘ" ਸਾਥੀ ਫਾਹੇ ਚੜ੍ਹ ਗਿਆ ਸੀ।

ਵੇਖ ਜ਼ੋਸ਼ ਤੇਰੇ ਠਾਠਾਂ ਮਾਰਦੇ ਨੂੰ, ਹਕੂਮਤ ਹਿੰਦ ਨੇ ਹੌਸਲਾ ਹਾਰਿਆ ਸੀ।
ਸੇਹਰੇ ਬਨ੍ਹ "ਬਲਵੰਤ" ਦੇ ਤੋਰ ਹੱਥੀਂ, ਉਦੋਂ ਬੱਲ ਤੂੰ ਸ਼ੇਰਾਂ ਦਾ ਧਾਰਿਆ ਸੀ।
ਆਪੋ ਵਿਚ ਸੰਤੋਖ ਦੀ ਮੇਹਰਬਾਨੀ, "ਜਵੰਦ" "ਬੰਤ" ਹੋਰਾਂ ਆਪਾ ਵਾਰਿਆ ਸੀ।
ਸੀ ਨਹੀਂ ਕੀਤੀ ਰੱਖੀ ਲਾਜ ਤੇਰੀ, ਭਾਵੇਂ ਬੇਝਣੇ ਪੀੜ ਚਾ ਮਾਰਿਆ ਸੀ।

ਗੁਡੀ ਚੜ੍ਹੀ ਸੀ ਉਦੋਂ ਅਸਮਾਨ ਤੇਰੀ, ਹਾਏ ਅਜ ਵਿਚਕਾਰਿਉਂ ਡੋਰ ਟੁਟ ਗਈ।
ਭਰਾਤਰੀ ਭਾਵ ਦਾ ਨਾਮ ਨਿਸ਼ਾਨ ਮਿਟਿਆ, ਭੈੜੀ ਫੁਟ ਸੰਤੋਖ ਦਾ ਗਲਾ ਘੁਟ ਗਈ।
ਧੜੇ ਬੰਦੀਏ ਸੱਤਿਆ ਨਾਸ ਤੇਰਾ, ਬਿਨਾਂ ਵੇਖ ਉਤੇ ਗੰਦੀ ਗਾਰ ਸੁਟ ਗਈ।
ਭਲਾ ਦੱਸ ਕਿਸ ਦਾ ਪਾਣੀ ਹਾਰ ਸੈਂ ਤੂੰ, ਜੇਹਨੂੰ ਚਿੰਬੜੀ ਉਸ ਦੀ ਗੋਰ ਪੁਟ ਗਈ।

ਜੇ ਕਰ ਛਡਿਆ ਨਾ ਕੀਨੇ ਬਾਜ਼ੀਆਂ ਨੂੰ, ਕਾਲਾ ਦਾਗ ਵਿਚੋਂ ਕੋਈ ਖੱਟ ਹੋ ਜਾਊ।
ਨਸਲ ਔਣ ਵਾਲੀ ਨਫਰਤ ਨਾਲ ਦੇਖੂ, ਬੁਰੇ ਸ਼ਬਦ ਅੰਦਰ ਨਾਮ ਰੱਟ ਹੋ ਜਾਊ।
ਲਾਇਆ ਹੋਇਆ ਬਜ਼ੁਰਗਾਂ ਨੇ ਕਲਮ ਹੱਥੀਂ, ਬੂਟਾ ਏਕਤਾ ਦਾ ਏਥੋਂ ਪੱਟ ਹੋ ਜਾਊ।
ਆਪੋ ਵਿਚ ਯਾਰੋ ਸਾਡੇ ਲੜਦਿਆਂ ਤੇ, ਬੇੜੀ ਕਿਵੇਂ ਗੁਲਾਮੀ ਦੀ ਕੱਟ ਹੋ ਜਾਊ?

ਬਾਹਾਂ ਭੱਜੀਆਂ ਨੂੰ ਮੁੜ ਗਲੀਂ ਲਾ ਕੇ, ਜਥੇਬੰਦੀ ਦਾ ਫੇਰ ਪ੍ਰਚਾਰ ਕਰ ਲਓ।
ਪੈਂਤੀ ਕੋਟ ਗੁਲਾਮ ਤੇ ਰਹਿਮ ਕਰਕੇ, ਟੁਟੇ ਦਿਲਾਂ ਚੋਂ ਦੂਰ ਹੰਕਾਰ ਕਰ ਲਓ।
ਤੇਰੇ ਵਲ ਸ਼ਹੀਦ ਪਏ ਤੱਕਦੇ ਨੇ ਉਨ੍ਹਾਂ ਉਤੇ ਹੀ ਕੁਝ ਉਪਕਾਰ ਕਰ ਲਓ।
"ਯਕਦਮ" ਵਾਸਤਾ ਗੁਰੂ ਦਾ ਪਾਵੰਦਾ ਹਾਂ, ਭਾਈਓ ਹੋ ਕੱਠੇ ਬੇੜਾ ਪਾਰ ਕਰ ਲਓ।

"ਯਕਦਮ"

ਆਪੋ ਹਿੰਦੁਸਤਾਨੀ ਭਾਈਆਂ ਦੀ ਫੁਟ ਨੂੰ ਮੁਖ ਰਖਦੇ ਹੋਏ ਵੈਨਕੂਵਰ ਗੁਰਦੁਆਰੇ ਦੇ ਥੱਲੇ ਦੇ ਹਾਲ ਵਿਚ ਯੰਗਮੇਨ ਐਸੋਸੀਏਸ਼ਨ ਦੇ ਅਜਲਾਸ ਵਿਚ ਪੜ੍ਹੀ ਗਈ।

"ਜ਼ਿੰਦਾ ਸ਼ਹੀਦ ਬਾਬੇ" ਨਾਮੀ ਇਕ ਟ੍ਰੈਕਟ ਨੂੰ ਪੜ੍ਹਾਕੇ ਲਿਖੀ ਗਈ।

ਕੇਹੋ ਜਿਹੀ ਨਗਰੀ ਵਿਚ ਤੇਰਾ ਡੇਰਾ ਏ।
ਸੂਰਜ ਹੁੰਦਿਆਂ ਸੁੰਦਿਆਂ ਘੁਪ ਹਨੇਰਾ ਏ।

ਆ ਰਲ ਮਿਲ ਕੇ ਪਿਆਰ ਦੀ ਪੀਂਘ ਚੜ੍ਹਾ ਲਈਏ,
ਕਿਸਮਤ ਨਾਲ ਹੀ ਪੈਣਾਂ ਸਾਡਾ ਫੇਰਾ ਏ।

ਕੌਣ ਕਹੇ/ਭੂਪਿੰਦਰ

ਉਸ ਭੋਲੀ ਨੂੰ ਕੌਣ ਕਹੇ ਕਿ
ਦੂਰ ਗਿਆਂ ਦੇ ਰਾਹ ਨਹੀਂ ਪੂਜੀਦੇ
ਮਹਾਜ਼ ਤੋਂ ਨਾ ਪਰਤਣ ਵਾਲੇ
ਕਦੀ ਰਾਹ ਪੂਜਣ ਨਾਲ ਪਰਤ ਸਕਦੇ
ਤਾਂ ਸ਼ਾਇਦ ਕੁਝ ਵੀ ਨਾ-ਮੁਮਕਿਨ ਨਾ ਹੁੰਦਾ
ਤੇ ਇਤਿਹਾਸ ਦੀਆਂ ਕੰਧਾਂ ਵਿੱਚ
ਕਦੀ ਵੀ ਨਾ ਚਿਣੇ ਜਾਂਦੇ
ਸੂਰਮਿਆਂ ਦੇ ਕਿੱਸੇ
ਤੇ ਨੀਲੇ ਗਿੱਦੜ ਕਦੀ 'ਵਾ ਨਾ ਬਣਦੇ
'ਇਤਿਹਾਸ' ਦੇ ਸਿਰਜਕ!

ਕੌਣ ਕਹੇ ਕਿ
ਵਕਤ ਸਿਰਫ਼ ਘੜੀਆਂ ਵਿੱਚ ਹੀ
ਨਹੀਂ ਗੁਜ਼ਰਦਾ
ਮਨੁੱਖ ਦੇ ਅੰਦਰੋਂ ਵੀ ਗੁਜ਼ਰਦਾ ਹੈ
ਮੌਸਮ ਕਦੀ ਬਾਹਰੋਂ ਨਹੀਂ
ਮਨੁੱਖ ਦੇ ਅੰਦਰੋਂ ਉੱਗਦਾ ਹੈ
ਕਿ ਹਰ ਹੱਸਦਾ ਚਿਹਰਾ
ਅੰਦਰੋਂ ਕਿੰਨਾ ਸਿੰਮਦਾ ਹੈ
ਤੇ ਹਰ ਭਾਵੁਕ ਮਨੁੱਖ
ਦਰਿਆਵਾਂ ਵਾਂਗ ਫੈਲਦਾ ਸੁੰਗੜਦਾ ਹੈ.

ਸਾਹਾਂ ਦਾ ਵਗਣਾ ਹੀ
ਜਿਊਣਾ ਨਹੀਂ ਹੁੰਦਾ
ਇਹ ਤਾਂ ਸਿਰਫ਼—ਸਮੇਂ ਸੰਗ ਜਬਰ ਜਿਨਾਹ
ਕਰਨਾ ਹੈ!

ਉਨ੍ਹਾਂ ਨੂੰ ਕਹੋ/ਦਰਸ਼ਨ ਬੋਦੀ

ਉਹ ਤਾਂ ਉਸੇ ਦਿਨ ਹੀ ਕਤਲ ਹੋ ਗਿਆ ਸੀ
ਜਦੋਂ—ਉਹਦੇ ਸ਼ਹਿਰ ਦੀ
ਇੱਕ ਚਿੜੀ ਨੂੰ
ਇਹ ਕਹਿ ਦਿੱਤਾ ਗਿਆ ਸੀ
ਕਿ,
ਬੁਲਬੁਲਾਂ ਪਿੰਜਰੇ ਅੰਦਰ ਹੀ
ਸੋਭਦੀਆਂ ਹਨ—
ਤੇ ਖੰਜਰ ਵਰਗੇ ਬੋਲਾਂ ਵਿੱਚ
ਇਹ ਧਮਕੀ ਵੀ ਦਿੱਤੀ ਗਈ ਸੀ
ਕਿ ਜੇ 'ਉਸਨੇ'
ਆਜ਼ਾਦ ਹਵਾ ਦਾ ਮੱਥਾ ਚੁੰਮਿਆ
ਤਾਂ—ਉਸਦੇ ਪਰ ਕਤਰ ਦਿੱਤੇ ਜਾਣਗੇ!
ਤੇ ਉਸ ਚਿੜੀ ਨੇ—
ਖੰਜਰਾਂ ਦੀਆਂ ਨੋਕਾਂ ਨੂੰ ਗਵਾਰਾ ਨਾ ਕਰ
ਸਲਾਖਾਂ ਨਾਲ ਸਿਰ ਪਟਕਦਿਆਂ
ਦਮ ਤੋੜ ਦਿੱਤਾ ਸੀ.

ਉਹ ਤਾਂ ਉਸੇ ਦਿਨ ਹੀ ਕਤਲ ਹੋ ਗਿਆ ਸੀ
ਜਦੋਂ 'ਉਨ੍ਹਾਂ'
ਉਹਦੇ ਖ਼ੂਨ ਨੂੰ ਕਿਹਾ ਸੀ
ਕਿ ਜਾਹ—ਪਾਣੀ ਹੋ ਜਾ!
ਤੇ ਉਹਨੇ—ਉਨ੍ਹਾਂ ਨੂੰ 'ਤਥਾ ਅਸਤੂ'
ਨਾ ਕਹਿੰਦਿਆਂ ਹੋਇਆਂ ਵੀ
ਆਪਣੇ ਖ਼ੂਨ ਦਾ ਰੰਗ ਬਦਲ ਲਿਆ ਸੀ.

ਮਾਸ ਦੀ ਨੁਮਾਇਸ਼ ਬਰਦਾਸ਼ਤ ਕੀਤੀ ਜਾਂਦੀ ਹੈ.
ਤੇ ਉਹ—ਆਜ਼ਾਦ ਹਵਾ ਦੀ ਤਲਾਸ਼ 'ਚ
ਬਾਹਰਲੇ ਮੁਲਕ ਵਗ ਤੁਰਿਆ ਸੀ.
ਪਰ—ਅਜ ਜਦੋਂ 'ਉਹਨੇ'
ਆਪਣੇ ਦੇਸ਼—ਸ਼ਹਿਰ ਨੂੰ ਵਾਗਾਂ ਮੋੜੀਆਂ ਹਨ
ਤਾਂ ਉਹਨੂੰ—ਬੋਧੀ-ਗਿਆਨ ਹੋਇਆ ਹੈ
ਕਿ ਉਹਦੇ ਦੇਸ਼ ਲਈ
'ਬਾਹਰਲਾ ਜੋਗੀ ਹੀ ਸਿੱਧ ਹੁੰਦਾ ਹੈ'
ਤੇ ਇਹੋ ਸੋਚ—ਅੱਜ ਉਹਦੇ ਖ਼ੂਨ ਨੇ
ਫਿਰ ਆਪਣੇ ਰੰਗ ਵਿੱਚ ਆਉਣ ਲਈ
ਕਰਵੱਟ ਬਦਲੀ ਹੈ.
ਉਹ!
ਜਿਨ੍ਹਾਂ ਦੀ ਧਮਕੀ ਖੰਜਰ ਵਰਗੀ ਸੀ
ਤੇ ਉਹ!
ਜਿਨ੍ਹਾਂ ਉਹਦੇ ਖ਼ੂਨ ਨੂੰ ਪਾਣੀ ਹੋ ਜਾਣ ਦਾ
ਸਰਾਪ ਦਿੱਤਾ ਸੀ—
'ਉਨ੍ਹਾਂ' ਨੂੰ ਕਹੋ—
ਕਿ ਜੋਗੀ ਆਪਣੇ ਦੇਸ਼ ਪਰਤ ਆਇਆ ਹੈ
ਹੁਣ ਉਹ—
ਕਿਸੇ ਬੁਲਬੁਲ ਦੇ ਪਰ ਕਤਰਣ ਲਈ
ਖੰਜਰ ਵਰਗੇ ਬੋਲਾਂ ਦਾ
ਇਸਤੇਮਾਲ ਨਾ ਕਰਨ—
ਤੇ ਨਾ ਹੀ—
ਕਿਸੇ ਨੂੰ ਦੇਸ਼-ਨਿਕਾਲੇ ਦਾ ਹੁਕਮ ਜਾਰੀ ਕਰਨ.
ਵਰਨਾ!
ਜੋਗੀਆਂ ਦੇ ਸਰਾਪ
ਬੋਲਾਂ ਨਾਲ ਨਹੀਂ
ਸਗੋਂ—ਇਸ਼ਾਰਿਆਂ ਨਾਲ ਕਤਲ ਕਰਦੇ ਹਨ.
ਪਰ...ਪਰ...
'ਉਹ' ਤਾਂ ਉਸੇ ਦਿਨ ਹੀ ਕਤਲ ਹੋ ਗਿਆ ਸੀ
ਜਦੋਂ ਉਹਦੇ ਸ਼ਹਿਰ ਦੀ
ਇੱਕ ਚਿੜੀ ਨੇ
ਸਲਾਖਾਂ ਨਾਲ ਸਿਰ ਮਾਰਿਆ ਸੀ
ਹਾਂ—ਉਹ ਤਾਂ
ਉਸੇ ਦਿਨ ਹੀ ਕਤਲ ਹੋ ਗਿਆ ਸੀ.

☐ ਮਹਿੰਦਰ ਰਾਮਪੁਰੀ

ਤਾਰਿਆਂ ਦੇ ਵਾਂਗ ਮੇਰਾ ਵਾਕ ਵਾਕ ਜਾਗਦਾ ਹੈ.
ਵਰਕੇ ਨੇ ਮੇਰੇ ਵਾਂਗ ਰੇਸ਼ਮੀ ਰੁਮਾਲ ਦੇ.
ਮੈਨੂੰ ਸੀਤ ਰਾਤ ਵਿੱਚ ਭਿੱਜਣਾ ਨਾ ਪਵੇ ਕਿਤੇ,
ਪੁੱਜ ਕੇ ਸੰਭਾਲ ਰੱਖੀਂ ਦਿਨ ਨੇ ਸਿਆਲ ਦੇ.
ਮੁੱਲ ਦੀ ਜਨਾਨੀ ਵਾਂਗ ਦੇਈਂ ਨ ਮਧੋਲ ਕਿਤੇ,
ਗੋਦੀ ਵਾਲੇ ਬਾਲ ਵਾਂਗ ਰੱਖ ਲਈਂ ਸੰਭਾਲ ਕੇ.

ਹਿਦੁਸਤਾਨ ਸਾਡਾ ਹਿਦੁਸਤਾਨੀਆਂ ਦਾ

"ਯਕਦਮ"

ਹਿਦੁਸਤਾਨ ਸਾਡਾ, ਹਿਦੁਸਤਾਨ ਸਾਡਾ, ਹਿਦੁਸਤਾਨ ਸਾਡਾ ਹਿਦੁਸਤਾਨੀਆਂ ਦਾ।
ਸਾਨੂੰ ਕਿਸੇ ਫਰੰਗੀ ਦੀ ਲੋੜ ਨਾਹੀਂ, ਕੀ ਕੰਮ ਚੰਡਾਲ ਬਰਤਾਨੀਆ ਦਾ
ਹਿਦੁਸਤਾਨ ਜਿਵੇਂ ਹਿਦੁਸਤਾਨੀਆਂ ਦਾ, ਤਿਵੇਂ ਦੇਸ ਜਾਪਾਨ ਜਾਪਾਨੀਆਂ ਦਾ।
ਐਰਲੈਂਡ ਐਰਸ਼ਾਂ, ਸਵੀਡਨ ਸਵੀਡਨਾਂ ਦਾ ਅਤੇ ਮੁਲਕ ਈਰਾਨ ਈਰਾਨੀਆਂ ਦਾ।
ਤੁਰਕਸਤਾਨ ਹੈ ਤੁਰਕਸਤਾਨੀਆਂ ਦਾ, ਉਸੇ ਤਰ੍ਹਾਂ ਅਫਗਾਨ ਅਫਗਾਨੀਆਂ ਦਾ।
ਚੀਨ ਚੀਨੀਆਂ, ਕੋਰੀਆ ਕੋਰੀਆਂ ਦਾ ਤੇ ਹੈ ਰੂਸ ਗਰੀਬਾਂ ਕਿਰਸਾਨੀਆਂ ਦਾ।
ਫਰਾਂਸ ਫਰਾਸੀਸਾਂ, ਮਿਰਕਣ ਮਿਰਕਣਾਂ ਦਾ, ਤੇ ਗਰੀਸ ਯੂਨਾਨ ਯੂਨਾਨੀਆਂ ਦਾ।
ਜਿੱਥੇ ਪੈਰ ਫਰੰਗੀ ਦਾ ਪੈ ਜਾਵੇ, ਖ਼ੂਨ ਚੂਸ ਜਾਂਦੇ ਅਨਸਾਨੀਆਂ ਦਾ।
ਲੋੜ ਨਹੀਂ ਸਬੂਤ ਪ੍ਰਤੱਖ ਤਾਈਂ, ਜ਼ਾਲਮ ਜਾਲ ਤਣਿਆ ਬੇਈਮਾਨੀਆਂ ਦਾ।
ਜਿਹੜੇ ਚੜ੍ਹੇ ਫਾਂਸੀ ਉਹਨਾਂ ਦਸਣਾ ਕੀ, ਦੇਖੋ ਹਾਲ ਜਾ ਕੇ ਅੰਡੇਮਾਨੀਆਂ ਦਾ।
ਬੁਰੀ ਕੀਤੀ ਗੁਲਾਮੀ ਨੇ ਦਸ਼ਾ ਸਾਡੀ, ਕਿਤੇ ਮਾਣ ਨਾ ਰਿਹਾ ਲਾਸਾਨੀਆਂ ਦਾ।
ਲੀੜਾ ਅੰਗ ਲਗੌਣ ਨੂੰ ਮਿਲਣਾ ਕੀ, ਲੇਖਾ ਰਹੇ ਨਾ ਦੇਗਾਂ ਮਸਤਾਨੀਆਂ ਦਾ।
ਅਕਲ ਸ਼ਕਲ ਲਾਕੇ ਪਰ, ਉਡ ਜਾਂਦੀ, ਰਹੇ ਰੂਪ ਨਾ ਰੰਗ ਜ਼ਨਾਨੀਆਂ ਦਾ।
ਬੱਚੇ ਜਨਣ ਪਿਛੋਂ, ਪਹਿਲਾਂ ਹੋਣ ਬੁਢੇ, ਪਤਾ ਲਗੇ ਨਾ ਆਈਆਂ ਜਵਾਨੀਆਂ ਦਾ।
ਵਿਚ ਜਿਸਮ ਨਾ ਛਡਦੇ ਖ਼ੂਨ ਮਾਸਾ, ਰਹੇ ਜੋਸ਼ ਨਾ ਧੌਣ ਭਵਾਨੀਆਂ ਦਾ।
ਫਰੰਗੀ ਘਰ ਵਿਚ ਗੱਡਿਆ ਸੋਹ ਤਕਲਾ, ਡੰਡਾ ਨਿਤ ਖੜਕੇ ਹਿਦੁਸਤਾਨੀਆਂ ਦਾ
ਪੰਡਤ ਮੌਲਵੀ ਤੇ ਭਾਈ ਕਰੇ ਕਾਬੂ, ਕੰਮ ਇਹ ਫਰੰਗ ਸ਼ੈਤਾਨੀਆਂ ਦਾ।
ਆਪਸ ਵਿਚ ਕੱਠੇ ਨਹੀਂ ਹੋਣ ਦੇਣਾ ਕੰਮ ਕਰਨਾ ਸ਼ੈਤਾਨ ਦੀਆਂ ਨਾਨੀਆਂ ਦਾ।
ਪਾੜੋ ਖਾਓ ਖਲਾਓ ਫਰੰਗ ਤਾਈਂ, ਆਦੀ ਇਹ ਅਸੂਲ ਬਰਤਾਨੀਆਂ ਦਾ।
ਸੰਤ ਬਣਕੇ ਫਿਰਨ ਪਰਚਾਰ ਕਰਦੇ, ਲਗੇ ਪਤਾ ਨਾ ਰੂਪ ਬਟਾਨੀਆਂ ਦਾ।
ਆਖਣ ਰਾਜ ਤਾਂ ਤੁਸਾਂ ਨੇ ਕੀ ਲੈਣਾ, ਕਰੋ ਕਾਜ ਤੇ ਭਜਨ ਭਗਵਾਨੀਆਂ ਦਾ
ਚੁਪ ਕਰਕੇ ਆਖਦੇ ਦਿਨ ਕਟੋ, ਚੰਗਾ ਸਭ ਤੋਂ ਰਾਜ ਬਰਤਾਨੀਆਂ ਦਾ
ਘੜੇ ਵੱਟੇ ਦਾ ਕਹਿਣ ਨਿਆਂ ਕਾਹਦਾ, ਚੁਗੀ ਚੋਗ ਸਬੂਤ ਗੁਮਾਨੀਆਂ ਦਾ।
ਐਸੇ ਹੈਨ ਫਰੰਗੀ ਦੇ ਬਹੁਤ ਚੇਲੇ, ਪਰਖ ਰਖਣੀ ਕੰਮ ਧਿਆਨੀਆਂ ਦਾ।
ਸਾਡੀ ਕੀਤੀ ਕਮਾਈ ਫਰੰਗ ਖਾਵਣ, ਨਹੀਂ ਰਿਹਾ ਹਸਾਬ ਹੈਰਾਨੀਆਂ ਦਾ
ਮਾਲਕ ਮਿਲ ਫਰੰਗੀ ਜਗੀਰ ਵਾਲੇ ਲਹੂ ਪੀਣ ਮਜ਼ਦੂਰ ਕਰਸਾਨੀਆਂ ਦਾ
ਇੰਗਲਸ਼ ਮਰੇ ਕੁੱਤਾ ਯਾਦਗਾਰ ਬਣਦੀ, ਪੈਸਾ ਹਿੰਦੀ ਮਜ਼ਦੂਰ ਕਰਸਾਨੀਆਂ ਦਾ
ਭੁਖੇ ਮਰਨ ਭਰਾ ਨਾ ਸਾਰ ਲੈਂਦੇ, ਕਰਾਂ ਬਿਆਨ ਕੀ ਪਸੂ ਹਵਾਨੀਆਂ ਦਾ
ਇਕ ਦੂਕ ਨਾ ਮਾਣ, ਕਰੋੜ ਦਾ ਈ, ਖ਼ੂਨ ਪੀਣ ਇਹ ਸਭ ਕਰਸਾਨੀਆਂ ਦਾ
ਪਈਆਂ ਬਹੁਤ ਬੀਮਾਰੀਆਂ ਪੇਸ਼ ਸਾਡੇ, ਪੋਥਾ ਬਣ ਜਾਏ ਦਰਦ ਕਹਾਣੀਆਂ ਦਾ
ਐਪਰ ਰੋਗ ਫਰੰਗ ਹੀ ਹੈ ਵਡਾ, ਪਹਿਲੇ ਠੌਣ ਨੂੰ ਹਿੰਦ ਦੇ ਜਾਨੀਆਂ ਦਾ
ਕਰੂ ਬਾਗੀ ਹਕੀਮ ਸਕੀਮ ਰਾਜ਼ੀ, ਪਾਓ ਰੇੜਕਾ ਗ਼ਦਰ ਮਧਾਣੀਆਂ ਦਾ
ਵਿਚੋਂ ਏਸ ਦੇ ਨਿਕਲੂ ਅਰਸ਼ ਦੇਵੀ, ਦੁਖ ਮੇਟਸੀ ਕੁਲ ਪਰਾਨੀਆਂ ਦਾ
ਹਿੰਮਤ ਧਾਰਕੇ ਅੱਗੇ ਨੂੰ ਵੱਧੇ ਚਲੋ, ਸਿੱਟਾ ਨਿਕਲੂ ਠੀਕ ਕੁਰਬਾਨੀਆਂ ਦਾ
ਅਸੀਂ ਰਗੜ ਫਰੰਗੜਾ ਸਿਟਣਾ ਇਹ, ਮੱਕੂ ਠੱਪ ਦੇਣਾ ਮੁਫਤਖਾਨੀਆਂ ਦਾ
ਹੁਣ ਚੜ੍ਹੂਗਾ ਗ਼ਦਰ ਦਾ ਭਾਨ ਛੇਤੀ ਮੁਰਮਾ ਹੋਕੇ ਤੇ ਸੁਲੇਮਾਨੀਆਂ ਦਾ।
ਹਨੇਰਾ ਕਰੂਗਾ ਦੂਰ ਅਗਿਆਨਤਾ ਦਾ, ਦੁਖ ਦੂਰ ਕਰਸੀ ਅੰਨਪਾਣੀਆਂ ਦਾ
ਕਿੱਤੇ ਭਜ ਨਾ ਜਾਣ ਫਰੰਗ ਸੁਕੇ, ਲਹੂ ਪੀ ਬਜ਼ੁਰਗਾਂ ਤੇ ਹਾਣੀਆਂ ਦਾ।
ਸਿਰ ਲਾਹ ਫਰੰਗੀ ਦੇ "ਹਿੰਦ ਸੇਵਕ", ਆਸ਼ਕ ਕਢ ਖਾਂ ਬਾਹਰ ਮਿਆਨੀਆਂ ਦਾ

ਹਸਦੇ ਹਸਦੇ ਮਕਤਲ ਦੇ ਵਲ ਜਾਂਦੇ ਹਨ,
ਮਕਤੂਲਾਂ ਦਾ ਵੇਖੋ ਕਿਨਾਂ ਜੇਰਾ ਏ।
ਹੋਰ ਨਾ ਐਵੇਂ ਝੋਲੀ ਮੇਰੀ ਪਾ ਪੀੜਾਂ,
'ਜੋਸਨ' ਕੋਲ ਤਾਂ ਪਹਿਲਾਂ ਈ ਗ਼ਮ ਬਥੇਰਾ ਏ।

ਪਿੰਡੋਂ ਭੱਜਣਾ, ਆਪਾ ਤਜਣਾ, ਇਹ ਜੀਣਾ ਕੀ ਜੀਣਾ।
ਛੱਡ ਕੇ ਸੁਹਣੇ ਯਾਰ ਦਾ ਸੱਥਰ, ਖੇੜੀਂ ਜਾਇ ਵਸੀਣਾ।
ਅਸਾਂ ਤਾਂ ਰਹਿਣਾ ਏਂ ਨਾਗ ਨਿਵਾਸੀਂ, ਸੂਲ ਸੁਰਾਹੀਓਂ ਪੀਣਾ।
ਇਸ਼ਕ ਦੇ ਉਜਲੇ ਮੱਥੇ ਯਾਰਾ, ਕਿਉਂ ਇਹ ਤੁਹਮਤ ਲਾਵਾਂ।
ਕੀਕਰ ਅੜਿਆ ! ਪਿੰਡ ਪਰਾਏ, ਤੈਨੂੰ ਜਾ ਦਫਨਾਵਾਂ।

US-Pak Collusion: The Punjab Theatre



The self-proclaimed 'Khalistan' leader Jagjit Singh Chauhan's enjoying patronage from top-ranking US authorities raises genuine fear about America's direct involvement in the present Punjab crisis.

Chauhan has been acting in close liaison with Ganga Singh Dhillon, an American citizen of Indian origion and president of the Nankana Sahib Foundation of Washington. Dhillon has also been canvassing that the 'Sikhs are a separate nation' and maintaining contacts with US senators, and persons in the higher echelons of the Pakistan administration.

However, the Washington-based propagandist of non-Indian nationality denied not in response to any question but on his own—that he was a 'CIA agent'. He described himself as an "independent man, a business consultant with investments" who had "more money than I can use". After having bitterly attacked Prime Minister Indira Gandhi and accusing her of "dancing at the instance of a foreign power, namely the Soviet Union" he predicted that "the next explosion will be like a Jwalamukhi, that will leave everlasting scars on the face" of India. he did not stop at that. He said that if a meaningful dialogue with the Sikh leadership did not take place, it would be making "the same mistakes Mrs Gandhi's father had made with Jinnah".

Dhillon and his associates are known to have active contacts in the US Congress and in official and political circles in Washington. He has been brushing shoulders with the American senators.

It is equally significant that Dhillon has been in close contacts with the Pakistani rulers. In one of his letters to Dhillon written as early as on October 13, 1979, the Pakistani military dictator General Zia offered 'optimum facilities' for the Sikh religious shrine of Nankana Sahib(in Pakistan). Dhillon has been claiming that he has 'personal friendship' with General Zia. Even if one overlooks this direct evidence about the US involvement in the secessionist movement of 'Khalistan', there are other revealing facts too, which establish its complicity.

Eugene Ray Clegg, 35, an American school teacher in Islamabad, was sentenced in February 1983 to ten years' imprisonment by a pakistani military court on the charge of smuggling arms. The government story was that Clegg had imported a consignment of rifles for use in his science classes. Islamabad's diplomatic community assimed that Clegg had been selling arms both to the Afghan Mujahedins and the 'Khalistani' secessionists.

The CIA operations in India had to be extraordinarily discreet; neither the United States nor Pakistan wanted to give any political handle to New Delhi. The agency's rule was largely limited to arranging shipments of arms. paying the bills and training the terrorists in the various camps in Pakistan.

Recently a Pakistani businessman who had lived long in the United States started building a tyre factory in that country. It was discovered that some of the crates of 'equipment' delivered to the factory contained arms. The businessman was arrested, released and has faded from view. Many Pakistani industrialists do not think he would have embarked all by himself on such a major investment as a freelance arms merchant. The CIA, they point out, was probably a silent partner.

In the first phase of the secessionists movement, it seems most of the arms were supplied either by Pakistan or by the US. In the final phase, however, China too joined the gamble through the Jammu and Kashmire state. There were, of course, many middlemen and both Indian and Pakistani smugglers who played a major role in this matter.

Covert operations by CIA have increased five-fold under the Reagan administration. The administration is now said to be conducting about 50 covert operations in the whole world. A return to covert action was forecast in the 1980 platform of the Republican Party. "We will provide our government with the capability to help influence international events vital to our national security interests, a capability which only the United States among major

conted. at page 30

conted. from page 29

powers has denied itself", it proclaimed, in pointed reference to the decimation of CIA undercover ranks under President Jimmy Carter and CIA Director Stansfield Turner(operatives were pared down to perhaps 300 from a high point of a few thousands in the early 1960s).

The CIA and Pakistan intelligence establishments were actively involved in the training of anti-India terrorists in specialised camps in Pakistan. This was also corroborated by terrorists apprehended and interrogated after the army action in Punjab in the first week of June 1984.

The information revealed that terrorists and extremists were trained in camps at various places in Pakistan by its intelligence agents, one of whom was designated as 'station chief' and another 'second-in-command'.

Muslims in the guise of Sikhs were trained in Qasur by a brigadier of Pakistan artillery regiment. Each batch consisted of 300 to 400 Muslims and the term of training was three to four months.

Another centre was run in a gurdwara ar Emnabad in Gujranwala district specially for espionage and 'black propaganda'. Similar centres were run at Rahim Yar Khan near the Rajasthan border, Attock Fort, Daud Fort and Sheikhupura city.

Training was also imparted to extremists in the military college at Abbotabad in batched of 200 to 300. The trainees in these camps were smugglers, proclaimed offenders and other bad elements operating on the borders. They were recruited by Pakistani intelligence with the help of 'influential persons' living in the border districts of Punjab and Rajasthan who lured them with substantial financial help.

After the completion of training, which included use of sophisticated weapons and ammunition and 'hate campaign against India', these terrorists were smuggled into Punjab from various points in Jammu, Rajasthan and Punjab for carrying out operations. These points included Hira Nagar in Kathua district in Jammu, Bassaobarwan sector in Gurdaspur district, Khem Jaran and Dull posts in Amritsar district, Mamdoot sector in Ferozpore district and Ganganagar in Rajasthan.

Arms and ammunition were also being smuggled into Pakistan occupied Kashmir (POK) from various points of Punjab and Rajasthan for use in Jammu and Kashmir for sabotage purposes.

Preliminary interrogation of an extremist arrested by the army from the Golden Temple revealed that he was a pakistani who had supplied specialised detonators to the extremists positioned inside the temple, disclosed Lt Gen K Sundarji GOC-in-C western command, at a press conference. The extremist had admitted that he entered India on a Pakistani passport to supply these detonators. He had stayed at the Golden Temple even after his visa had expired several months ago.

The CIA and Palistani involvement, both morally and materially, evoked indignation in all political circles in India. Several members of the parliamentary consultative committee attached to the external affairs ministry demanded that it should categorically identify pakistan and the CIA and establish their direct involvement in the Punjab happening.

What madness has come over Washington that it should let the CIA play with fire in the Indian subcontinent? This pertinent question had been posed by the entire Indian press. But what intrigued the people most was that when this sordid drama was being enacted US Vice President George Bush told the Indian press that the Reagan administration regarded India as a pillar of stability of this part of the world. He obviously was not speaking the truth.

Though official circles are keeping their lips tight, they have admitted that there was some foreign hand behind this secessionist movement. External affairs minister P V Narasimha Rao had to fall back upon diplomatic fineness to wriggle out of an awkward situation created by these disclosures. He had to admit that "we now have certain positive evidence of foreign involvement in our internal affairs".

Nonetheless, it has been officially admitted that Chauhan has links with various organisations in the US and Dhillon too has been proclaiming that the Sikhs are a 'separate nation' and maintaining liaison with the US senators, and persons in the higher echelons of the Pakistani administration. In this connection a startling fact which has come to light is that Chauhan has contacts with the Heritage Foundation of Washingron — Which is a CIA outfit — though official circles have not identified this foundation in these terms.

CIA director William Casey was not for from the truth when he said that the CIA's 'main target' in the next few years would be developing countries and it would support 'US friends' in these countries.

India is a 'unfriendly' country and the US is supporting its 'friends' and the Sikh secessionists are one among them. The US in collusion with Pakistan has launched an all out attack on India's unity and integrity. The CIA has found right contacts among a small section of the Sikhs both in India and abroad. China too is a party to this game, though at present it is striking a low profile.

What is important to note is that in addition to direct military intervention in some of the 'unfriendly' countries, latest example being Nicaragua, the new strategy of the Reagan administration as evolved by the new CIA boss William Casey is to lend active support to counter-revolutionary and secessionist forces. What is happening in Afghanistan, Angola, and Kampuchea is too well knownm though this is by far an incomplete list of US imperialism's 'accomplishments' in the realm of international terrorism and violence.

IN the arsenal of the CIA's secret subversive operations, priority is now patently given to what is referred to a 'paramilitary operations' that enable Washington to fight 'underclared wars' against many nations, to knock together with every new army of mercenaries, to destabilise the situation in some countries and regions, and to bring into play fascist and rightist terroristic gangs. This kind of 'para-military' activites, according to calculations of John Stockwell, former chief of the CIA's task force in Angola, led to the death of more than a million people over a period of 30 years.

The CIA has set up numerous special camps in the US and in other countries for the training of mercenary cut-throats. State-sponsored terrorism against Cuba has been practised for a quarter century now. It included the landing of mercenaries in Cuba and more than 20 attempts on the life of Fidel Castro.

In all, according to US experts, the CIA is now carrying out paramilitary operations in some ten countries, Afghanistan included. The scale of 'para-military(operations against Kampuchea, Libya, Angola, Ethiopia, and Guatemala is also being enlarged. The CIA takes steps to destabilise the situation in Iran, Chad, Ghana, and in the Indian states of Assam and the Punjab.

This policy of state-sponsored terrorism undermines and eventually wrecks generally accepted standards of international behaviour in the first place, and the principle of peaceful coexistence of states with different social system.

Seen in this context, it will not be difficult to conclude that the destabilisation of Punjab through active support to the forces of terrorism may lead to dangerous consequences, the chief among them being the creation of a new area of tension in the Indian subcontinent.

What is more disturbing is that the CIA support to secessionist forces in India, especially in Punjab, assumed a new dimension after the US Rapid Deployment Joint Task Force was incorporated into a new regional command of the United States armed force (CENTOM) in the beginning of 1983. Though its headquarters are at present located at McDill near Tampa, Fla, the military base at Diego Garcia in the Indian Ocean is identified as the future location.

The strategy for South-West Asia, including the Persian Gulf, requires that the US forces be prepared, if necessary, to get access by force and not to wait for invitation from a friendly government.

The rapid deployment force has another objective—to prevent anti-imperialist changes such as those which, took place in the 1970s in Angola, Mozambique, Ethiopia, Afghanistan, Nicaragua and Iran. J Holst, the director of the Norwegian institute of Foreign Politics said in this context that this force could "produce the effect of a deterrent. it ... may ... encourage regional forces in their intention to resist a process of transformation".

Significantly CENTOM is responsible for a large number of countries in Asia and Africa and among them Pakistan stands on top.

Notwithstanding official denials, Pakistan has already become a springboard for imperialist subversion and intervention in the Middle East and the Indian Ocean.

As a matter of face, after the construction of a military base at Mehdi-Ye-Koh in Baluchistan, a special unit of Pakistan army has been created, which is directly linked with the American Central Command (CENTOM).

conted. at page 31

ਧਾਰੀ ਬੰਨ੍ਹ ਸੁਰਮਾਂ ਨਾ ਪਾਈਏ
ਵਸਣਾ ਸ਼ਰੀਕਾਂ ਦਾ।

ਜਦੋਂ ਕਿਸੇ ਗੱਭਰੂ ਦੀ ਮੁਟਿਆਰ ਦੀਆਂ ਅੱਖਾਂ ਬਹੁਤ ਸੁਹਣੀਆਂ ਹੋਣ ਤਾਂ ਉਸ ਦੀਆਂ ਅੱਖਾਂ ਦੀ ਤੁਲਨਾ ਕਬੂਤਰ ਦੀਆਂ ਅੱਖਾਂ ਨਾਲ ਕਰ ਕੇ ਸੁਰਮੇ ਦੀ ਵਰਤੋਂ ਨਾ ਕਰਨ ਲਈ ਗੱਭਰੂ ਇਵੇਂ ਕਹਿੰਦਾ ਹੈ:-

ਸੁਰਮੇ ਦਾ ਕੀ ਪਾਉਣਾ,
ਤੇਰੀ ਅੱਖ ਨੀਂ ਕਬੂਤਰ ਵਰਗੀ।

ਤੇ ਜੇ ਕਿਤੇ ਬਾਂਕੀ ਮੁਟਿਆਰ ਦੀਆਂ ਅੱਖਾਂ ਬਿੱਲੀਆਂ ਹੋਣ ਤਾਂ ਉਸ ਵਿਚ ਸੁਰਮੇ ਦੀ ਧਾਰ ਗੋਲੀ ਦਾ ਕੰਮ ਕਰਦੀ ਹੈ:-

ਸੁਰਮਾ ਕਹਿਰ ਦੀ ਗੋਲੀ,
ਬਿੱਲੀਆਂ ਅੱਖੀਆਂ ਨੂੰ।

conted. from page 30

Even a cursory glance at the map would indicate the confluence of interests between the US and Pakistan in this region, especially with the latter's obsessive hostility towards India.

Against the background of conflict and discord, mutual distrust and suspicion in Indo-Pak relation....Pakistan's return to the US fold is hardly surprising. In return for promoting US interests, Pakistan is being armed with some top-of-the-line weapons which would be more suitable against Indian than in the rugged mountains to the West.

All these facts make it clear why the Washington-Islamabad axis has been coordinating activities to destabilise and balkanise India. Sober elements in Pakistan have begun to see through this game. The Urdu daily of Karachi Aman, has said that there is evidence of external involvement in the Punjab.

The paper has listed three main indications of possible foreign involvment in Punjab. Firstly the weapons found in the Golden Temple were not meant merely for committing terrorism and dacoities. The quantity of sophisticated arms found in the complex could not have been stolen from the ordnance depots without being detected. The source of most of these weapons was external.

Secondly, Shahbeg Singh had been cashiered and therefore was an aggrieved man. A foreign country apparently exploited his grievance and secured his services for training insurgents.... The cost of the training was being met by affluent Sikhs abroad who had admitted that they were making preparations for a 'Khalistan' government in exile (emphasis added). But more telling was the response of the Ataullah Khan Mengal, the former chief minister of Baluchistan (Pakistan's western province) almost a month before the recent crisis took a precipitous turn in Punjab. In a letter to Khan Wali Khan, another democratic leader of pakistan, he said:

"In South Asia, a strong, united and independent India could not serve the interests of the British rulers. It was, therefore, necessary to create into being a country(Pakistan) which could not only block India's development but become a permanent threat to its independence. The British rulers could not find a better instrument for this than exploiting religious sentiment....for this dirty trick, they selected this tool ... This is how India was divided.

He goes on to say in this letter that

a country which has been created to serve the interests of imperialism... a country which is based on genocide .... how can people of such a country comprehend what is the significance of human rights, humanism and above all democratic values ... But in spite of this, the rulers of Pakistan call if an 'Islamic State'.

Mengal, who has lived in exile since his release from prison in 1977, is still regarded as a potent political force in the province. His arrest in 1973, along with most of his provincial cabinet, set off a province-wide rebellion which the Pakistan army could suppress only through brutal repression.

What Mengal has said is not only an incisive attack on the imperialist conspiracy in this subcontinent but unmasks with remarkable courage the logic of building a theocratic state.

YUPPIE IDEAS

Dr. Boparai's idea to start a Sikh Forum is not new but is naive. Historically, elitist Sikhs have in the past proposed similar ideas but they have failed miserably because the structure, like the Sikh Forum, has been undemocratic, selective and discriminatory, which is contrary to the tenets of the Sikh Faith. It also gives the impression that the wealthy and intellectuals are the only ones who know how to represent the community and solve its problems. His article leads us to believe that the masses are dumb and stupid.

Why does his low-key think tank, in contrast to what he wrote, have to be high profile in the larger media? Why has this internal issue escaped ethnic boundaries? Could he please explain?

Yours sincerely,
Charan Gill
8597 - 187 St. Surrey, B.C.

ਕਿਸ ਉੱਤੇ ਇਲਜ਼ਾਮ ਕਤਲ ਦਾ ਲਾਵਾਂ ਮੈਂ ?
ਮੇਰੇ ਦਿਲ ਦਾ ਕਾਤਲ ਦਿਲਬਰ ਮੇਰਾ ਏ।